ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/06 ਜੂਨ 2018 – ਨਾਨਕਸ਼ਾਹੀ ਜੇਠ-ਹਾੜ 550

## ਇਤਿਹਾਸਿਕ ਦਿਹਾੜੇ

### ਜੂਨ ਅਤੇ ਜੁਲਾਈ 2018

| | |
|---|---|
| ਸ਼ਹੀਦੀ ਗੁਰੂ ਅਰਜੁਨ ਦੇਵ ਜੀ | 17 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | 25 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 28 ਜੂਨ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 29 ਜੂਨ |
| ਸ਼ਹੀਦੀ ਭਾਈ ਮਨੀ ਸਿੰਘ ਜੀ | 9 jਲਾਈ |
| ਸ਼ਹੀਦੀ ਭਾਈ ਤਾਰੂ ਸਿੰਘ | 16 ਜੁਲਾਈ |
| ਮੀਰੀ ਪੀਰੀ ਦਿਵਸ | 22 ਜੁਲਾਈ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਆਸਾੜੁ ਤਪੰਦਾ ਤਿਸੁ ਲਗੈ ......(ਜੀਵਨ-ਜੁਗਤਿ)

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥
(ਅੰਗ ੧੩੪)

ਪਦ ਅਰਥ :- ਨਾਹੁ-ਖਸਮ । ਜਗ ਜੀਵਨ ਪੁਰਖ - ਜਗਤ ਦਾ ਸਹਾਰਾ ਪ੍ਰਭੂ । ਸੰਦੀ-ਦੀ । ਦੁਯੈ ਭਾਇ-(ਪ੍ਰਭੂ ਤੋਂ ਬਿਨਾ ਕਿਸੇ) ਦੂਜੇ ਪਿਆਰ ਵਿਚ । ਵਿਗੁਚੀਐ-_ਆਰ ਹੋਈਦਾ ਹੈ । ਗਲਿ-ਗਲ ਵਿਚ । ਲੁਣੈ-ਵੱਢਦਾ ਹੈ । ਮਥੈ-ਮੱਥੇ ਉਤੇ । ਰੈਣਿ-ਰਾਤ, ਉਮਰ । ਕੌ-ਨੂੰ । ਭੇਟੀਐ-ਮਿਲਦਾ ਹੈ । ਸਾਧੂ-ਗੁਰੂ । ਖਲਾਸੁ-ਸੁਰ ਰੂ, ਆਦਰ-ਜੋਗ । ਪ੍ਰਭ-ਹੇ ਪ੍ਰਭੂ। ਹੋਇ-ਬਣੀ ਰਹੇ । ਜਿਸੁ ਮਨਿ-ਜਿਸ ਦੇ ਮਨ ਵਿਚ । ਨਿਰਾਸ-ਟੁੱਟੇ ਹੋਏ ਦਿਲ ਵਾਲਾ ।

ਅਰਥ :- ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿੰਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ _ਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ) । (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉੱਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ । (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜਿੰਦਗੀ ਪਛੁਤਾਵਿਆਂ ਵਿਚ ਹੀ ਗੁਜਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ ।

ਜਿੰਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜੂਰੀ ਵਿਚ ਸੁਰ ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ) ।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ-ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ) ।੫ ।

## ਗੁਰਬਾਣੀ ਵਿੱਚ ਸੁੱਖ ਦਾ ਸੰਕਲਪ

**ਡਾ. ਸਰੂਪ ਸਿੰਘ ਅਲੱਗ**
ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.

**ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥**
**ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥**
**ਸੂਹੀ (ਮ: ੫) - ਅੰਗ ੭੪੯**

ਸੰਸਾਰ ਦਾ ਹਰ ਪ੍ਰਾਣੀ ਸੁੱਖ ਦੀ ਪ੍ਰਾਪਤੀ ਵਿੱਚ ਹੀ ਪ੍ਰਯਤਨਸ਼ੀਲ ਹੈ । ਉਸਦੇ ਹਰ ਕਰਮ, ਹਰ ਯਤਨ, ਹਰ ਉੱਦਮ ਪਿੱਛੇ ਇੱਕੋ ਭਾਵਨਾ ਪ੍ਰਬਲ ਰੂਪ ਵਿੱਚ ਕੰਮ ਕਰ ਰਹੀ ਹੈ ਕਿ ਉਸਨੂੰ ਸੁੱਖ ਮਿਲੇ, ਜ਼ਿੰਦਗੀ ਵਿੱਚ ਮਾਣ ਮਿਲੇ, ਮੁਰਾਤਬਾ ਮਿਲੇ, ਚੜ੍ਹਤ ਨਸੀਬ ਹੋਵੇ ਤਾਂਕਿ ਉਸਦੀ ਹਰ ਪਾਸੇ ਵਡਿਆਈ ਹੋਵੇ ਤੇ ਇਵੇਂ ਉਸਨੂੰ ਹੋਰ ਸੁੱਖ ਪ੍ਰਾਪਤ ਹੋਵੇ । ਬਹੁ ਪਰਕਾਰੀ ਸੁੱਖਾਂ ਦੀ ਪ੍ਰਾਪਤੀ ਵਿੱਚ ਮਨੁੱਖ ਬਹੁਤੀ ਵਾਰੀ ਆਪਣੇ ਜ਼ਿੰਦਗੀ ਦੇ ਉੱਚੇ ਸੁੱਚੇ ਮਕਸਦ ਤੋਂ ਵੀ ਭਟਕ ਜਾਂਦਾ ਹੈ ਅਤੇ ਸੁੱਖ ਪ੍ਰਾਪਤੀ ਦੇ ਪ੍ਰਯਤਨਾਂ ਵਿੱਚ ਦੁੱਖਾਂ ਦੇ ਘੇਰੇ ਵਿੱਚ ਜਾ ਫਸਦਾ ਹੈ ਜਿੱਥੇ ਉਸਦੀ ਜ਼ਿੰਦਗੀ ਉਸ ਲਈ ਭਾਰੂ ਪਰਤੀਤ ਹੋਣ ਲਗਦੀ ਹੈ ।

ਗੁਰਬਾਣੀ ਦੁੱਖ ਅਤੇ ਸੁੱਖ ਦੋਹਾਂ ਨੂੰ ਜ਼ਿੰਦਗੀ ਦਾ ਜ਼ਰੂਰੀ ਅੰਗ ਮੰਨਦੀ ਹੈ ਅਤੇ ਚੰਗਾ ਮਨੁੱਖ ਉਹ ਹੀ ਹੈ ਜੋ ਇਨ੍ਹਾਂ ਦੋਹਾਂ ਹਾਲਤਾਂ ਵਿੱਚ ਵਿਚਰਦਾ ਹੋਇਆ ਵੀ ਇੱਕ ਸਮਾਨ ਹੋਵੇ । ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਪਰ ਥਾਂ ਸੱਚ ਤੇ ਅਧਾਰਤ ਸੁੱਖ ਦੀ ਪ੍ਰਾਪਤੀ ਦੇ ਹਵਾਲੇ ਮਿਲਦੇ ਹਨ । ਇਸ ਗੱਲ ਦੇ ਵੀ ਹਵਾਲੇ ਉਪਲੱਬਧ ਹਨ ਕਿ ਹਰ ਸਥਿਤੀ ਨੂੰ ਸੰਤੋਖੀ ਬਿਰਤੀ ਵਿੱਚ ਹੰਢਾਉਣ ਨਾਲ ਦੁੱਖ ਘਟਦਾ ਹੈ ਅਤੇ ਉਸ ਦੁਖਦਾਈ ਸਥਿਤੀ ਵਿੱਚ ਵੀ ਧਰਵਾਸ ਦੀ ਰੰਗਤ ਪੈਦਾ ਹੋ ਜਾਂਦੀ ਹੈ । ਮਨੁੱਖ ਨੂੰ ਕਈ ਪਰਕਾਰ ਦੇ ਪਰਮਾਣ ਦੇ ਕੇ ਸਮਝਾਇਆ ਗਿਆ ਹੈ ਕਿ ਸੁੱਖ ਬਹੁਤਾ ਧਨ ਖੱਟਣ ਵਿੱਚ ਨਹੀਂ ਅਤੇ ਬਹੁਤੀ ਜਾਇਦਾਦ ਜਾਂ ਸੰਪਤੀ ਸੁੱਖ ਪਰਦਾਨ ਨਹੀਂ ਕਰ ਸਕਦੀ ।

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥**

**ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**

**ਸੁਖੁ ਨਾਹੀ ਬਹੁ ਦੇਸ ਕਮਾਏ ॥**

ਫਿਰ ਸੁੱਖ ਕਿਥੇ ਹੈ ? ਇਸ ਦੇ ਉੱਤਰ ਵਿੱਚ ਹੁਕਮ ਹੈ :

**ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥ ਭੈਰਉ (ਮਃ ੫) ਅੰਗ ੧੧੪੭**

ਸੁਖ ਹਰੀ ਦੇ ਗੁਣ ਗਾਇਨ ਕਰਨ ਵਿੱਚ ਹੈ, ਪ੍ਰਭੂ ਦੀ ਆਗਿਆ ਮੰਨਣ ਵਿੱਚ ਹੈ, ਨਾਮ ਧਿਆਨ ਤੋਂ ਬਿਨਾਂ ਸਦੀਵੀ ਸੁੱਖ ਦੀ ਪ੍ਰਾਪਤੀ ਕਠਨ ਹੈ। ਗੁਰੂ, ਅਭਿਲਾਸ਼ੀ ਨੂੰ ਇਸ ਸਦੀਵੀ ਸੁੱਖ ਨੂੰ ਹਾਸਲ ਕਰਨ ਦੀ ਜੁਗਤ ਦੱਸਦਿਆਂ ਹੋਇਆਂ ਉਸਨੂੰ ਚੰਗਾ ਸਦਾਚਾਰਕ ਜੀਵਨ ਗ੍ਰਹਿਣ ਕਰਨ ਵਲ ਪ੍ਰੇਰਤ ਕਰਦਾ ਹੈ।

**ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥**

**ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ –**

**ਭੈਰਉ (ਮਃ ੫) – ਅੰਗ ੧੧੪੭**

ਕਾਮ, ਕਰੋਧ, ਲੋਭ, ਮੋਹ, ਹੰਕਾਰ ਤਿਆਗਣ ਨਾਲ ਬੇਲੋੜੇ ਦੁੱਖਾਂ, ਪਰੇਸ਼ਾਨੀਆਂ, ਚਿੰਤਾਵਾਂ, ਅਵੱਗਿਆਵਾਂ ਤੋਂ ਛੁਟਕਾਰਾ ਮਿਲਦਾ ਹੈ ਪਰ ਅਜਿਹੀ ਅਵਸਥਾ ਵਲ ਵਧਣ ਲਈ ਪੂਰੇ ਗੁਰੂ ਦੀ ਟੇਕ ਵਿੱਚ ਆਉਣ ਜ਼ਰੂਰੂ ਹੈ।

**ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥ ਬਸੰਤੁ (ਮਃ ੫) – ਅੰਗ ੧੧੮੧**

ਪੂਰਾ ਗੁਰੂ ਜਿੱਥੇ ਸਾਡੇ ਸਦਾਚਾਰ ਨੂੰ, ਕਿਰਦਾਰ ਨੂੰ, ਵਿਹਾਰ ਨੂੰ ਸ਼ੁਭ ਗੁਣਾਂ ਨਾਲ ਸੁਦ੍ਰਿੜ੍ਹ ਕਰਦਾ ਹੈ ਉੱਥੇ ਉਹ ਇਸ ਗੱਲ ਦਾ ਵੀ ਸਪੱਸ਼ਟ ਨਖੇੜਾ ਕਰ ਦੇਂਦਾ ਹੈ ਕਿ ਸਭ ਸੰਸਾਰੀ ਇਸ ਗੱਲ ਨੂੰ ਧਿਆਨ ਵਿੱਚ ਰਖ ਲੈਣ ਕਿ:

**ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ ਗਉੜੀ (ਮਃ ੫) – ਅੰਗ ੨੧੦**

ਇਸ ਲਈ '**ਸੂਖ ਸਹਜ ਆਨੰਦ ਲਹਹੁ ॥ ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ**' ॥ ਸਾਸ ਗਰਾਸ ਨਾਮ ਜਪਣ ਨਾਲ ਪ੍ਰਭੂ ਦੀ ਰਸਾਈ ਪ੍ਰਾਪਤ ਹੋ ਸਕਦੀ ਹੈ ਜਿਸ ਵਿੱਚ ਸੁੱਖ ਹੀ ਸੁੱਖ ਹਨ ਅਤੇ ਸਦੀਵੀ ਆਨੰਦਾਂ ਦੀ ਵੀ ਪ੍ਰਾਪਤੀ ਹੁੰਦੀ ਹੈ। ਸੁੱਖ ਸਰੀਰ ਨਾਲ ਸਬੰਧਤ ਹਨ, ਇਸ ਲਈ ਚਿਰ ਸਦੀਵੀ ਨਹੀਂ ਪਰ ਆਨੰਦ ਆਤਮਾ ਨਾਲ ਸਬੰਧਤ ਹੋਣ ਕਾਰਨ ਸਦਾ ਵਿਗਾਸ, ਉਲਾਸ ਤੇ ਪਰਮ ਆਨੰਦ ਦਾ ਰਸ ਬਖ਼ਸ਼ਦਾ ਹੈ। ਇਸੇ ਲਈ ਗੁਰਬਾਣੀ ਸਾਨੂੰ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਵਿੱਚ ਬਹੁਤਾ ਖੱਚਤ ਹੋਣ ਤੋਂ ਹੋੜਦੀ ਹੈ ਕਿਉਂਕਿ '**ਸੁੱਖ ਮਾਂਗਤ ਦੁਖੁ ਆਗਲ ਹੋਇ ॥**' ਅਤੇ ਕੋਈ ਵੀ ਮਨੁੱਖ ਦੁੱਖ ਦੀ ਨੇੜਤਾ ਨਹੀਂ ਚਾਹੁੰਦਾ ਜਦਕਿ ਗੁਰਬਾਣੀ ਵਿੱਚ ਇਹ ਉਪਦੇਸ਼

ਮਿਲਦਾ ਹੈ ਕਿ ਸੁੱਖ ਪ੍ਰਾਪਤ ਕਰਕੇ ਇਨਸਾਨ ਜਲਦੀ ਹੀ ਰੱਬ ਨੂੰ ਭੁੱਲ ਜਾਂਦਾ ਹੈ ਅਤੇ ਦੁਨਿਆਵੀ ਮਾਣ ਤਾਣ ਵਿੱਚ ਗ੍ਰਸਤ ਹੋ ਕੇ ਭਟਕ ਜਾਂਦਾ ਹੈ, ਹਉਮੈ, ਅਭਿਮਾਨ ਨਾਲ ਭਰ ਜਾਂਦਾ ਹੈ ਅਤੇ ਦਿਆ, ਨਿਮਰਤਾ, ਹਲੀਮੀ ਵਰਗੇ ਗੁਣਾਂ ਨੂੰ ਗੁਆ ਬੈਠਦਾ ਹੈ। ਇਸ ਲਈ ਉਹ ਸੁੱਖ ਹੀ ਉਸਦੇ ਦੁੱਖ ਦਾ ਕਾਰਨ ਬਣਦਾ ਹੈ ਅਤੇ ਦੁੱਖ ਵਿੱਚ ਵਿਚਰਦਿਆਂ ਹੋਇਆਂ ਉਸਨੂੰ ਅਹਿਸਾਸ ਹੋਣ ਲਗਦਾ ਹੈ ਕਿ ਉਸਦੀ ਜ਼ਿੰਦਗੀ ਦੀ ਗੱਡੀ ਲੀਹੋਂ ਉੱਤਰ ਗਈ ਹੈ। ਜਿਵੇਂ ਸਰੀਰ ਵਿੱਚ ਵਾਪਰਿਆ ਦਰਦ ਸਾਨੂੰ ਤਾੜਨਾ ਕਰਦਾ ਹੈ ਕਿ ਸਰੀਰ ਦੀ ਸੁਚਾਰੂ ਵਿਧੀ ਵਿੱਚ ਕੋਈ ਵਿਘਨ ਪੈ ਗਿਆ ਹੈ ਅਤੇ ਅਸੀਂ ਫੌਰਨ ਉਸ ਦਰਦ ਤੋਂ ਛੁਟਕਾਰਾ ਪਾਉਣ ਲਈ ਸਰਗਰਮ ਉਪਰਾਲਿਆਂ ਵਿੱਚ ਜੁੱਟ ਜਾਂਦੇ ਹਾਂ ਇਸੇ ਤਰ੍ਹਾਂ ਦੁੱਖ ਵੀ ਸਾਨੂੰ ਸੁਚੇਤ ਕਰਦਾ ਹੈ ਕਿ ਪ੍ਰਭੂ ਮਿਲਾਪ ਦੇ ਸਦੀਵੀ ਸੁੱਖ ਲਈ ਉਚੇਚੇ ਉਪਰਾਲਿਆਂ ਦੀ ਸਖ਼ਤ ਲੋੜ ਹੈ।

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**

**ਆਸਾ ਕੀ ਵਾਰ (ਮ: ੧) – ਅੰਗ ੪੬੯**

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਮਹਲੇ ਦੇ ਆਪਣੇ ਸਲੋਕਾਂ ਵਿੱਚ ਜ਼ਿੰਦਗੀ ਦੇ ਨਿਰਬਾਹ ਲਈ ਮਨੁੱਖ ਨੂੰ ਜ਼ਿੰਦਗੀ ਦੀ ਅਸਲੀਅਤ ਨਾਲ ਪਰੀਚਤ ਕਰਵਾਂਦੇ ਹੋਏ ਸਮਝਾਂਦੇ ਹਨ ਕਿ :

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥**

**– ਸਲੋਕ ਵਾਰਾਂ ਤੇ ਵਧੀਕ (ਮ: ੯) – ਅੰਗ ੧੪੨੭**

ਇਸ ਦੁਰਲੱਭ ਦੇਹੀ ਨੂੰ ਵਾਸ਼ਨਾਵਾਂ ਦਾ ਸ਼ਿਕਾਰ ਹੋਣ ਤੋਂ ਬਚਾ ਕੇ ਇਸਦੇ ਬਲ ਬੁੱਧ ਨੂੰ ਪ੍ਰਭੂ ਮਿਲਾਪ ਅਤੇ ਮਾਨਵ ਸੇਵਾ ਲਈ ਵਰਤਣਾ ਜ਼ਰੂਰੀ ਵੀ ਹੈ ਤੇ ਸੁਖਦਾਈ ਵੀ। ਸੇਵਾ ਦੀ ਮਹੱਤਤਾ ਦਾ ਵਰਨਣ ਕਰਦਿਆਂ ਇੱਕ ਕਵੀ 'ਮਠਾਰੂ' ਲਿਖਦਾ ਹੈ:

**ਸੇਵਾ ਕੀਤੀ ਜਿਨ੍ਹਾਂ ਜਿਉੜਿਆਂ ਨੇ, ਆਵਾਗਵਨ ਨਾ ਉਨ੍ਹਾਂ ਨੂੰ ਰੋਲਦਾ ਏ,**

**ਸੇਵਾ ਜਿਹਾ ਨਾ ਸੁੱਖ ਜਹਾਨ ਉੱਤੇ, ਬੂਹੇ ਦਸਮ ਦਵਾਰ ਦੇ ਖੋਲ੍ਹਦਾ ਏ।**

ਗੁਰੂ ਅਰਜਨ ਦੇਵ ਜੀ ਮਹਾਰਾਜ ਸੁਖਮਨੀ ਸਾਹਿਬ ਵਿੱਚ ਸੇਵਾ ਦਾ ਫੱਲ ਦੱਸਦਿਆਂ ਫਰਮਾਂਉਂਦੇ ਹਨ:

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

ਗਉੜੀ ਸੁਖਮਨੀ (ਮ: ੫) – ਅੰਗ ੨੮੭

ਗੁਰਬਾਣੀ, ਅਭਿਲਾਸ਼ੀ ਨੂੰ ਸੁੱਖ ਦੁੱਖ ਦੀਆਂ ਸਥਿਤੀਆਂ ਤੋਂ ਉੱਪਰ ਉੱਠ ਕੇ ਸਹਿਜ ਅਵਸਥਾ ਧਾਰਨ ਕਰਨ ਦਾ ਮਾਰਗ ਪਰਦਾਨ ਕਰਦੀ ਹੈ ਜਿੱਥੇ ਪਹੁੰਚ ਕੇ ਅਲੌਕਿਕ ਸੁੱਖ ਪ੍ਰਾਪਤ ਹੁੰਦੇ ਹਨ ।

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**
**– ਸੋਰਠਿ (ਮਃ ੯) – ਅੰਗ ੬੩੩**

ਅਜਿਹੀ ਅਵਸਥਾ ਵਿੱਚ ਪਹੁੰਚੇ ਵਿਅਕਤੀ ਲਈ ਨਾ ਨਿੰਦਿਆ ਦੁਖਦਾਈ ਹੁੰਦੀ ਹੈ ਅਤੇ ਨਾ ਹੀ ਉਸਤਤ, ਲੋਭ, ਮੋਹ, ਅਭਿਮਾਨ ਹੀ ਉਸਨੂੰ ਪ੍ਰਭਾਵਤ ਕਰ ਸਕਦੇ ਹਨ । ਉਹ ਆਸਾ, ਮਨਸਾ ਨੂੰ ਹਮੇਸ਼ਾ ਤਿਆਗ ਕੇ ਜਗ ਦੀ ਮੋਹ ਮਾਇਆ ਤੋਂ ਅਲਿਪਤ ਰਹਿੰਦਾ ਹੈ, ਕਾਮ, ਕਰੋਧ, ਲੋਭ ਆਦਿ ਪੰਜ ਚੋਰ ਉਸਦਾ ਕੁਝ ਵਿਗਾੜ ਨਹੀਂ ਸਕਦੇ ਅਤੇ ਉਸਦੇ ਹਿਰਦੇ ਵਿੱਚ ਤਾਂ ਗੁਰੂ ਦੀ ਕਿਰਪਾ ਸਦਕਾ ਬ੍ਰਹਮ ਦਾ ਨਿਵਾਸ ਹੋ ਜਾਂਦਾ ਹੈ । ਉਹ ਜਿਧਰ ਦੇਖਦਾ ਹੈ ਉਧਰ ਉਸਨੂੰ ਅਕਾਲਪੁਰਖ ਦੇ ਹੀ ਦਰਸ਼ਨ ਦੀਦਾਰੇ ਹੁੰਦੇ ਹਨ । ਇਹ ਅਗੰਮੀ ਖੇੜਾ ਹੈ ਜਿੱਥੇ ਜੀਵ ਨੇ ਪਹੁੰਚਣਾ ਹੈ । ਗੁਰਬਾਣੀ ਵਿੱਚ ਇਸ ਸੁੱਖ ਨੂੰ ਭੋਗਣ ਦੇ ਉਪਰਾਲੇ ਜੁਟਾਏ ਗਏ ਹਨ । ਜਦ ਅਜਿਹਾ ਸੁੱਖ ਉਪਜਦਾ ਹੈ ਤੱਦ ਸਾਰੇ ਦੁੱਖ ਬਿਨਸ ਜਾਂਦੇ ਹਨ ਅਤੇ ਪਾਰਬਰਹਮ ਨਾਲ ਲਿਵ ਲਗ ਜਾਂਦੀ ਹੈ ।

**ਸੁਖ ਉਪਜੇ ਦੁਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ ॥**
**ਮਲਾਰ (ਮਃ ੫) – ਅੰਗ ੧੨੬੮**

ਇਸ ਸਥਿਤੀ ਵਿੱਚ ਪਹੁੰਚਿਆ ਮਨੁੱਖ ਦੁੱਖ ਸੁੱਖ ਤੋਂ ਬਿਲਕੁਲ ਨਿਆਰਾ ਜਿਹਾ ਹੋ ਜਾਂਦਾ ਹੈ । ਉਹ ਅਕਾਲਪੁਰਖ ਦੇ ਨਾਮ ਨਾਲ ਜੁੜਿਆ ਰਹਿੰਦਾ ਹੈ, ਸੰਸਾਰ ਦੀ ਕਾਰ ਕਰਦਿਆਂ ਹੋਇਆਂ ਵੀ ਉਹ ਡੋਲਦਾ ਨਹੀਂ, ਸੁੱਖ ਮਿਲੇ ਤਾਂ ਖੁਸ਼ੀ ਨਾਲ ਉਛਲਦਾ ਨਹੀਂ, ਦੁੱਖ ਤਕਲੀਫ ਮਿਲੇ ਤਾਂ ਛਾਤੀ ਪਿਟ ਪਿਟ ਕੇ ਰੋਂਦਾ ਨਹੀਂ, ਵਰਲਾਪ ਨਹੀਂ ਕਰਦਾ ਸਗੋਂ ਇਸ ਅਤਿਅੰਤ ਦੁੱਖਦਾਈ ਅਵਸਥਾ ਨੂੰ ਵੀ ਪ੍ਰਮਾਤਮਾ ਦੀ ਅਮੁੱਲੀ ਦਾਤ ਸਮਝ ਕੇ, ਉਸਦਾ ਭਾਣਾ ਸਮਝ ਕੇ, ਖਿੜੇ ਮੱਥੇ ਪਰਵਾਨ ਕਰਦਾ ਹੈ । ਉਸਦੀ ਰਜ਼ਾ ਵਿੱਚ ਰਹਿਣਾ ਉਸਦੀ ਜ਼ਿੰਦਗੀ ਦਾ ਲਕਸ਼ ਬਣ ਜਾਂਦਾ ਹੈ ਜੋ ਸੁਭਾਵਕ ਹੈ ।

ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥੬॥
ਮਾਰੂ ਸੋਲਹੇ (ਮਃ ੧) – ਅੰਗ ੧੦੩੪

ਆਓ ਗੁਰਬਾਣੀ ਨੂੰ ਅਧਾਰ ਬਣਾ ਕੇ ਜੀਵਨ ਬਤੀਤ ਕਰਦਿਆਂ ਹੋਇਆਂ ਇਸ ਸੰਸਾਰ ਯਾਤਰਾ ਨੂੰ ਸਫਲ ਕਰੀਏ, ਖਸਮ ਨਾਲ ਸੱਚਾ ਨਿਹੋਂ ਲਾਈਏ ਤੇ ਉਸੂੰ ਇੱਕ ਪਲ

ਲਈ ਵੀ ਨਾ ਵਿਸਾਰੀਏ ਕਿਉਂਕਿ :

**ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥**

**ਮਲਾਰ (ਮਃ ੧) – ਅੰਗ ੧੨੫੬**

ਇਹ ਸੁੱਖ ਦਾਤਾ ਨਾਮ ਅਸਲੀ ਮਾਣਕ ਹੈ, ਸੱਚਾ ਧਨ ਹੈ, ਉੱਤਮ ਖ਼ਜ਼ਾਨਾ ਹੈ ਜਿਸਨੂੰ ਅਗਨੀ ਜਲਾ ਨਹੀਂ ਸਕਦੀ, ਕੋਈ ਤਸਕਰ ਲੁੱਟ ਨਹੀਂ ਸਕਦਾ ਅਤੇ ਨਾ ਹੀ ਇਸਨੂੰ ਸੰਨ੍ਹ ਹੀ ਲੱਗ ਸਕਦੀ ਹੈ ।

**ਉਚਰਹੁ ਰਾਮ ਨਾਮੁ ਲਖ ਬਾਰੀ ॥**
**ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥**

**ਗਉੜੀ (ਮਃ ੫) – ਅੰਗ ੧੯੪**

ਅੰਮ੍ਰਿਤ ਰਸ ਪੀਵੋ, ਤਾਂ ਸਦਾ ਚਿਰ ਜੀਵੋ ਅਤੇ ਸੁੱਖ ਮਾਣੋ । ਆਪ ਜਪੋ ਤੇ ਹੋਰਾਂ ਨੂੰ ਨਾਮ ਜਪਾਓ । ਅਕਾਲਪੁਰਖ ਦਾ ਸਿਮਰਨ ਕਰੋ ਤੇ ਉਸਦੇ ਜੀਵਾਂ ਦੀ ਸੇਵਾ ਕਰੋ, ਸਭ ਸੁੱਖ ਪ੍ਰਾਪਤ ਹੋਣਗੇ ।

**ਸੁਖ ਹੋਵੈ ਸੇਵ ਕਮਾਣੀਆ ॥ ਸਭ ਦੁਨੀਆ ਆਵਣ ਜਾਣੀਆ ॥**

**ਅੰਕ–੨੫, ੨੬**

**ਧੰਨਵਾਦ ਸਾਹਿਤ ਵਿਚੋਂ :–**

<u>ਗੁਰਬਾਣੀ ਸੰਕਲਪ</u>

## ਬਿਨੁ ਨਾਵੈ ਜੀਵਨੁ ਬਿਰਥਾ ॥

**ਗੁਰਤੇਜ ਸਿੰਘ**

ਧਰਤੀ ਦਾ ਹਰੇਕ ਵਸਨੀਕ ਖਾਸ ਕਰਕੇ ਮਨੁੱਖ, ਜੀਵਨ ਨੂੰ ਵੱਧ ਤੋਂ ਵੱਧ ਬੌਧਿਕ ਤੇ ਭਾਵਨਾਤਮਕ ਕ੍ਰਿਆਵਾਂ ਰਾਹੀਂ ਇਸ ਕਦਰ ਸੁਖਾਲਾ ਤੇ ਸੰਤਾਪ ਰਹਿਤ ਭੋਗਣ ਦਾ ਯਤਨ ਕਰਦਾ ਹੈ ਕਿ ਉਹ ਜੀਵਨ ਦੇ ਅਹਿਮ ਪਹਿਲੂ ਸੁੱਖ ਮਾਂਗਤ ਦੁੱਖ ਆਗਲ ਹੋਇ ਨੂੰ ਲਾਂਭੇ ਰੱਖ ਕੇ, ਆਪਣੇ ਆਪ ਨੂੰ ਸਿਰਫ ਸੁੱਖ ਕੇ ਲੋੜੈ ਸਭ ਕੋ ਦੇ ਖਿਆਲ ਤੱਕ ਹੀ ਸੀਮਤ ਰੱਖਦਾ ਹੈ । ਪਰ ਧਰਮਾਂ ਦੇ ਪੀਰ–ਪੈਗੰਬਰਾਂ ਤੇ ਰਹਿਬਰਾਂ ਦੇ ਅਨੁਭਵ ਕੀਤੇ ਸਮੁੱਚੇ ਅਧਿਆਤਮਕ ਗਿਆਨ ਮੁਤਾਬਿਕ ਮਨੁੱਖ ਦਾ ਅਜਿਹਾ ਖਿਆਲ ਉਸ ਦੇ ਹੀ ਮਾਨਸਿਕਤਾ, ਸਮਾਜਿਕਤਾ ਅਤੇ ਆਰਥਿਕਤਾ ਆਦਿਕ ਪੱਖਾਂ ਤੋਂ ਜੀਵਨ ਦਾ ਸੁਚੱਜਾ ਸੰਤੁਲਨ ਵਿਗਾੜਣ ਤੋਂ ਇਲਾਵਾ ਕੁਝ ਨਹੀਂ । ਪਰ ਆਮ ਤੌਰ ਤੇ ਅਜਿਹੇ ਅਸਲੀ ਸੁੱਖ ਦੀ ਪਹਿਚਾਣ ਨਾ ਕਰ ਸਕਣ ਕਰਕੇ ਹੀ ਹੁੰਦਾ ਹੈ ।

ਜੀਵਨ ਨੂੰ ਰੱਜ ਕੇ ਮਾਨਣਾ, ਹਰੇਕ ਮਨੁੱਖ ਲਈ ਅਹਿਮੀਅਤ ਹੀ ਨਹੀਂ ਰੱਖਦਾ, ਬਲਕਿ ਜ਼ਰੂਰੀ ਹੈ ਕਿਉਂਕਿ ਜਿਹੜਾ ਸਮਾਂ ਬਤੀਤ ਕਰਨ ਵਾਸਤੇ ਮਿਲਿਆ ਹੈ ਜੇ ਉਸ ਨੂੰ

ਉਦੇਸ਼ ਮੁਤਾਬਿਕ ਨਾ ਗੁਜਾਰਿਆ ਤਾਂ ਅਜਿਹਾ ਜੀਵਨ ਆਪੇ ਲਈ ਹੀ ਨਹੀਂ, ਸਗੋਂ ਸਮਾਜਿਕ ਆਲੇ ਦੁਆਲੇ ਲਈ ਵੀ ਨਿਰਾਰਥਕ ਹੋ ਜਾਂਦਾ ਹੈ। ਜਿੱਥੇ ਅਜਿਹਾ ਦੋ ਪੱਖੀ ਵੱਡਾ ਨੁਕਸਾਨ ਹੋਵੇ ਉੱਥੇ ਫਿਰ ਅਜਿਹੇ ਮਨੁੱਖ ਕੋਲੋਂ ਪਰਿਵਾਰ, ਸਮਾਜ ਤੇ ਦੇਸ਼ ਕੌਮ ਆਦਿ ਦੀ ਚੜ੍ਹਦੀਕਲਾ ਤੇ ਪਵਿੱਤਰਤਾ ਲਈ ਯਤਨਾ ਦੀ ਆਸ ਨਹੀਂ ਕੀਤੀ ਜਾ ਸਕਦੀ।

ਆਮ ਤੌਰ ਤੇ ਮਨੁੱਖ ਸੰਸਾਰ ਵਿੱਚ ਆ ਕੇ ਕਿਸੇ ਮਤਿ ਜਾਂ ਵਿਚਾਰਧਾਰਾ ਨਾਲ ਜੁੜ ਜਾਂਦਾ ਹੈ ਕਿਉਂਕਿ ਉਸਦੀ ਮਾਨਸਿਕਤਾ ਲਈ ਹੀ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਸਮਾਜ ਵਿੱਚ ਪ੍ਰਚੱਲਿਤ ਨਿਯਮਾਂ, ਵਿਚਾਰਾਂ ਤੇ ਅਮਲਾਂ ਨੂੰ ਗ੍ਰਹਿਣ ਕਰੇ। ਮਨੁੱਖ ਸੰਬੰਧਿਤ ਵਿਚਾਰਧਾਰਾ ਜਾਂ ਮਤਿ ਤੋਂ ਸੇਧ ਲੈਣ ਲਈ ਜੀਵਨ ਭਰ ਲਈ ਹੀ ਉਸ ਨੂੰ ਸਮਰਪਿਤ ਹੋ ਜਾਂਦਾ ਹੈ। ਪਰ ਅਸੀਂ ਤਾਂ ਮਨੁੱਖ ਨੂੰ ਆਪ ਸੁਖੀ ਤੇ ਹੋਰਾਂ ਨੂੰ ਸੁੱਖ ਨਾਲ ਜਿਉਣ ਦੇਣ ਦਾ ਆਦੀ ਬਣਿਆ ਹੋਇਆ ਦੇਖਣਾ ਲੋਚਦੇ ਹਾਂ। ਤਾਂ ਜੋ ਮਨੁੱਖ ਦੇ ਮਨੁੱਖ ਪ੍ਰਤੀ ਸੁਖਾਵੇਂ ਸਬੰਧੀ ਵਿੱਚ ਤਰੇੜ ਨਾ ਪਵੇ ਜਿਸ ਨਾਲ ਸਮੁੱਚੀ ਮਨੁਖਤਾ ਨਫਰਤ ਜਾਂ ਤੰਗਦਿਲੀ ਤੋਂ ਬਚ ਸਕੇ। ਇਸ ਉਸਾਰੂ ਸੋਚ ਦੀ ਆਸ ਉਸ ਮਤਿ ਜਾਂ ਵਿਚਾਰਧਾਰਾ ਤੋਂ ਕੀਤੀ ਹੀ ਜਾ ਸਕਦੀ ਹੈ ਜਿਹੜੀ ਸਮੁੱਚੀ ਲੋਕਾਈ ਨੂੰ ਇੱਕ ਅਜਿਹਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹੋਵੇ ਜਿਸ ਦਾ ਆਦਰਸ਼ ਹੀ ਕਉਨ ਭਲੇ ਕੋ ਮੰਦੇ ਵਾਲਾ ਹੋਵੇ। ਪਰ ਉਪਦੇਸ਼ ਦਾਤਾ ਵੱਲੋਂ ਪਹਿਲਾਂ ਆਪਣੇ ਬੋਲਾਂ ਨੂੰ ਜੀਵਨ ਵਿੱਚ ਹਰ ਪੱਖੋਂ ਕਮਾਉਣ ਦੀ, ਚੰਗੀ ਤਰ੍ਹਾਂ ਖੁਸ਼ਬੋ ਖਿਲਾਰੀ ਹੋਵੇ ਤਾਂ ਜੋ ਉਪਦੇਸ਼ ਗ੍ਰਹਿਣ ਕਰਨ ਵਾਲੇ ਦੇ ਧੁਰ ਅੰਦਰ ਤੱਕ ਇਸ ਖੁਸ਼ਬੋ ਦਾ ਸਦੀਵੀ ਪ੍ਰਭਾਵ ਪੈ ਸਕੇ।

ਅਜਿਹੇ ਹੀ ਮਤਿ ਜਾਂ ਵਿਚਾਰਧਾਰਾ ਦੇ ਢੰਢੋਰਚੀ ਸਿੱਖ-ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਨਿਰੰਕਾਰੀ ਹੋਏ ਹਨ ਜਿਨ੍ਹਾਂ ਨੇ ਅੱਜ ਤੋਂ ਲਗਭਗ ਸਾਢੇ ਪੰਜ ਸਦੀਆਂ ਪਹਿਲਾਂ ਸੰਸਾਰ ਵਿੱਚ ਦਰਗਾਹੋਂ ਪ੍ਰਾਪਤ ਸਤਿ ਦੇ ਗਿਆਨ ਵਾਲੀ ਮਿਸਾਲ ਨਾਲ ਪ੍ਰਕਾਸ਼ ਫੈਲਾਇਆ ਜਿਸ ਵਾਸਤੇ ਇਹਨਾਂ ਨੂੰ ਦਸ ਮਨੁੱਖੀ ਜਾਮਿਆ ਵਿੱਚ 239 ਦੇ ਕਰੀਬ ਵਰ੍ਹਿਆਂ ਦਾ ਸਮਾਂ ਬਤੀਤ ਕਰਨਾ ਪਿਆ। ਸ਼ਬਦ ਗੁਰੂ ਦੀ ਬਖਸ਼ਿਸ਼ ਇਹਨਾਂ ਵੱਲੋਂ, ਮਹਾਨ ਪਰਉਪਕਾਰ ਹੈ। ਇਹਨਾਂ ਦਾ ਤਾਂ ਉਦੇਸ਼ ਹੀ ਉਪਰੋਕਤ ਆਦਰਸ਼ ਅਨੁਸਾਰ ਮਨੁੱਖ ਨੂੰ ਖਤ੍ਰੀ ਬ੍ਰਾਹਮਣ ਸੂਦ ਵੈਸ਼ ਉਪਦੇਸ਼ ਚਹੁੰ ਵਰਨਾ ਕਉ ਸਾਂਝਾ ਵਾਲਾ ਨਵਾਂ ਨਿਰੋਆ ਉਪਦੇਸ਼ ਦੇਣ ਦਾ ਸੀ। ਜਿਸਦੀ ਮਿਸਾਲ ਸ਼ਾਇਦ ਹੀ ਕਿਤੋਂ ਹੋਰ ਮਿਲਦੀ ਹੋਵੇ। ਪਰ ਇੱਥੇ ਵਿਚਾਰਨਯੋਗ ਗੱਲ ਜਿਹੜੀ ਕਿ ਖਾਸ ਧਿਆਨ ਦੀ ਮੰਗ ਕਰਦੀ ਹੈ ਉਹ ਇਹ ਕਿ ਕਿਹੜਾ ਉਪਦੇਸ਼ ਜੋ ਸਮੁੱਚੀ ਕਾਇਨਾਤ ਨੂੰ ਲੋਕ ਪ੍ਰਲੋਕ ਦੀ ਭਲਾਈ ਹਿੱਤ ਦਿੱਤਾ ਗਿਆ ? ਗੁਰੂ ਜੀ ਆਪ ਹੀ ਉਪਰੋਕਤ ਹੁਕਮ ਤੋਂ ਬਾਅਦ ਫੁਰਮਾਉਂਦੇ ਹਨ :

**ਗੁਰਮੁਖਿ ਨਾਮ ਜਪੈ ਸੋ ਉਧਰੈ ਕਲਿ ਮਹਿ ਘਟਿ ਘਟਿ ਨਾਨਕ ਮਾਝਾ**

(ਸੂਹੀ ਮ. ੫, ਪੰਨਾ ੨੪੭)

ਉਪਦੇਸ਼ ਗੁਰੂ ਦੁਆਰਾ ਨਾਮ ਜਪਣ ਦਾ ਹੈ। ਇੱਥੇ ਇੱਕ ਗੱਲ ਕਰਨੀ ਅਰਥ ਭਰਪੂਰ ਹੋਵੇਗੀ ਕਿ ਗੁਰੂ ਉਸ ਜ਼ਿੰਦਗੀ ਦਾ ਜਾਮਣ ਹੈ ਜਿਸ ਦੁਆਰਾ ਜੀਵਨ ਮੂਲ ਆਸ਼ੇ ਅਨੁਸਾਰ ਸਨਾਥਾ ਹੋ ਨਿਬੜਦਾ ਹੈ। ਉਂਝ ਵੀ ਗੁਰੂ ਗਿਆਨ ਦਾ ਦਾਤਾ ਹੈ ਤੇ ਅਗਿਆਨਤਾ ਦਾ ਹਨੇਰਾ ਦੂਰ ਕਰਨ ਦਾ ਸੂਚਕ ਹੈ।

ਉਪਰੋਕਤ ਸੰਖੇਪ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰੂ ਨੇ ਨਾਮ ਦ੍ਰਿੜ ਕਰਾਉਣਾ ਹੈ ਜੀਵਨ ਦੀ ਸਫਲਤਾ ਲਈ। ਪਰ ਨਾਮ ? ਨਾਮ ਏਕ ਤੇ ਜੀਵ ਅਨੇਕ ਤੋਂ ਥੋੜਾ ਜਿਹਾ ਪਤਾ ਲਗ ਜਾਂਦਾ ਹੈ ਕਿ ਨਾਮ ਉਸਦਾ ਹੈ ਜਿਹੜਾ ਅਨੇਕ ਜੀਵਾਂ ਦਾ ਸੰਸਾਰੀ, ਭੰਡਾਰੀ ਤੇ ਦੀਬਾਣ ਹੋਣ ਕਾਰਨ ਜਗਜੀਵਨ ਦਾਤਾ ਹੈ ਕਿਉਂਕਿ ਸਾਰੇ ਹੀ ਜਗਤ ਦੀ ਪੈਦਾਇਸ਼ ਕਾਰਨ, ਕਰਤਾ ਦੇ ਰੂਪ ਵਿੱਚ ਇੱਕ ਅਕਾਲ ਪੁਰਖ ਤੋ ਹੋਈ ਹੈ, ਇਹ ਨਾਨਕ ਜੋਤਿ ਦੀ ਮਨੁੱਖ ਨਾਲ ਦ੍ਰਿੜਤਾ ਭਰਪੂਰ ਵਚਨਬੱਧਤਾ ਹੈ। ਚੂੰ ਕਿ ਉਸ ਨੂੰ ਅਕਾਲ ਮੂਰਤਿ ਅਜੂਨੀ ਸੈਭੰ ਆਦਿਕ ਵਿਸ਼ੇਸ਼ਣਾਂ ਦੁਆਰਾ ਦਰਸਾਇਆ ਗਿਆ ਹੈ, ਗਿਆਨ ਇੰਦਰੀਆਂ ਦੇ ਘੇਰੇ ਤੋਂ ਬਾਹਰ ਹੈ। ਸਤਿਨਾਮ ਕਰਕੇ ਉਸ ਨਾਲ ਸਾਂਝ ਸਿਰਫ ਉਸਦੇ ਨਾਮ ਨੂੰ ਵਡਿਆਉਣ ਜਾਂ ਗਾਉਣ ਨਾਲ ਪਾਉਣ ਦੀ ਸਦੀਵੀ ਸਿੱਖਿਆ ਵੀ ਦਿੰਦੇ ਹਨ। ਉਸ ਨਾਲ ਸਾਂਝ ਪਾਉਣੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ ਕਿਉਂਕਿ ਮਨੁੱਖ ਉਸ ਦੀ ਹੀ ਪੈਦਾਇਸ਼ ਹੈ। ਆਪਣੀ ਮੂਲ ਡਾਲੀ ਨਾਲੋਂ ਟੁੱਟ ਕੇ ਪੱਤੇ ਵੀ ਥੋੜੇ ਸਮੇਂ ਵਿੱਚ ਸੁੱਕਣ ਲੱਗ ਪੈਂਦੇ ਹਨ ਪਰ ਡਾਲੀ ਤੇ ਹੋਰ ਪੱਤੇ ਉੱਗ ਪੈਂਦੇ ਹਨ। ਕਹਿਣ ਦਾ ਭਾਵ ਡਾਲੀ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਪੱਤੇ ਦੀ ਆਪਣੀ ਹੋਂਦ ਖਤਮ ਹੋ ਜਾਂਦੀ ਹੈ। ਇਸੇ ਹੀ ਕੁਦਰਤੀ ਸੱਚਾਈ ਨੂੰ ਕਬੀਰ ਜੀ ਪੱਕਕੇ ਡਿੱਗੇ ਹੋਏ ਫਲ ਦੀ ਉਦਾਹਰਣ ਨਾਲ ਸਮਝਾਉਂਦੇ ਹਨ :

**"ਕਬੀਰ ਮਾਨਸ ਜਨਮ ਦੁਲੰਭ ਹੈ ਹੋਇ ਨ ਬਾਰੈ ਬਾਰ"**
**ਜਿਉਂ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥**

(ਸਲੋਕ ਕਬੀਰ ਜੀ ਕੇ ਪੰਨਾ ੧੩੬੬)

ਮਨੁੱਖੀ ਜੀਵਨ ਇੱਕ ਵਾਰ ਮਿਲਣ ਕਰਕੇ ਦੁਰਲੱਭ ਹੈ ਪਰ ਜਗ-ਜੀਵਨ ਦਾਤੇ ਦਾ ਤਾਂ ਨਾਮ ਬੜਾ ਕੀਮਤੀ ਹੈ। ਕੀਮਤੀ ਜੀਵਨ ਤੇ ਕੀਮਤੀ ਨਾਮ। ਚੂੰ ਕਿ ਨਾਮ ਤਾਂ ਕਾਲ ਰਹਿਤ ਹੈ ਤੇ ਹੈ ਵੀ ਚਿੰਰਜੀਵ ਇਸ ਕਰਕੇ ਉਸ ਦਾ ਇੱਕ ਰਸ ਲਗਾਤਾਰ ਵਿਆਪਕ ਰਹਿਣਾ ਹਮੇਸ਼ਾਂ ਲਈ ਕੀਮਤੀ ਨਹੀਂ ਬਲਕਿ ਅਮੁੱਲ ਹੀ ਹੋ ਨਿਬੜਦਾ ਹੈ। ਪਰ ਮਨੁੱਖ ਦੀ ਇਸ ਕੀਮਤੀ ਜ਼ਿੰਦਗੀ ਦਾ ਪਲ-ਪਲ ਸਾਰਥਕ ਹੋ ਜਾਂਦਾ ਹੈ ਜੇ ਨਾਮ ਨਾਲ ਸਾਂਝ ਪੈਦਾ ਕੀਤੀ ਜਾ ਸਕੇ।

ਨਾਮ ਨੂੰ ਗੁਰਬਾਣੀ ਵਿੱਚ ਹੀਰਾ, ਜਵੇਹਰ ਲਾਲ ਤੇ ਰਤਨ ਆਦਿਕ ਦ੍ਰਿਸ਼ਟਾਂਤਾਂ ਨਾਲ ਪੇਸ਼ ਕੀਤਾ ਗਿਆ ਹੈ ਕਿਉਂਕਿ ਜਿੱਥੇ ਇਹਨਾਂ ਵਸਤੂਆਂ ਨੇ ਕੀਮਤੀ ਹੋਣ ਕਰਕੇ

ਸਰੀਰਕ ਸੁਹੱਪਣ ਜਾਂ ਆਰਥਿਕ ਥੁੜ ਨੂੰ ਪੂਰਾ ਕਰਨਾ ਹੈ ਉੱਥੇ ਨਾਮ ਨੇ ਮਨੁੱਖੀ ਅੰਤਹਕਰਣ ਨੂੰ ਸ਼ੁੱਧ-ਸਰੂਪ ਵਿੱਚ ਲਿਸ਼ਕਾਉਣਾ ਹੈ। ਗੁਰਬਾਣੀ ਵਿੱਚ ਮਨ ਨੂੰ ਵੀ ਨਾਮ ਦੀ ਤਰ੍ਹਾਂ ਕੀਮਤੀ ਦੱਸਿਆ ਹੈ ਤੇ ਦੋਵਾਂ ਨੂੰ ਕਿਸੇ ਉੱਤਮ ਪੁਰਸ਼ ਦੁਆਰਾ ਹੀ ਪਰਖਿਆ ਜਾ ਸਕਣ ਵਾਲਾ ਧਨ ਕਿਹਾ ਪਰ ਇਸ ਗੁਣਾਂ ਦੇ ਵਪਾਰੀ ਉੱਤਮ ਪੁਰਸ਼ ਉਪਰ ਹਰੀ ਇਆ ਹੋਣ ਵੱਲ ਵੀ ਸੰਕੇਤ ਕੀਤਾ ਹੈ :

**ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥**
**ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥ ਆਸਾ (ਮਃ ੧) ਅੰਗ ੪੧੪**

ਗੁਰੂ ਮਤ ਅਨੁਸਾਰ ਤਾਂ ਜੀਵਨ ਦੀਆਂ ਸਮੁੱਚੀਆਂ ਕ੍ਰਿਆਵਾਂ - ਖਾਣਾ, ਪੀਣਾ, ਹਸਣਾ, ਸੌਣਾ, ਪਹਿਨਣਾ, ਕਿਰਤ ਆਦਿ ਵੀ ਨਾਮ ਤੋਂ ਬਿਨਾਂ ਬਾਦਿ ਹਨ। ਜੀਵਨ ਦੀਆਂ ਇਹ ਬੁਨਿਆਦੀ ਕ੍ਰਿਆਵਾਂ ਸਰੀਰਕ ਤੰਦਰੁਸਤੀ ਲਈ ਤਾਂ ਜ਼ਰੂਰੀ ਹਨ ਪਰ ਜੀਵਨ ਦੀ ਚੜ੍ਹਦੀਕਲਾ ਲਈ ਇਹ ਕਾਫੀ ਨਹੀਂ ਕਿਉਂਕਿ ਜੀਵਨ ਤਾਂ ਹੈ ਹੀ ਮਾਨਸਿਕ ਤੇ ਸਰੀਰਕ ਪਹੀਆਂ ਵਾਲੀ ਗੱਡੀ। ਸੋ ਮਾਨਸਿਕ ਵਿਕਾਸ ਲਈ ਆਤਮਿਕ ਤ੍ਰਿਪਤੀ ਦੀ ਪੂਰਤੀ ਅਤਿ ਲੋੜੀਂਦੀ ਹੈ। ਅਜਿਹਾ ਨਾ ਹੋਣ ਕਾਰਨ ਇੱਕ ਮੌਤ ਦਾ ਹੋਣਾ ਲਾਜ਼ਮੀ ਹੈ ਜਿਸ ਨੂੰ ਗੁਰੂ ਜੀ ਨੇ ਆਤਮਿਕ ਮੌਤ ਦਾ ਨਾਮ ਦਿੱਤਾ ਹੈ। ਚੂੰਕਿ ਮਨ ਦੀ ਢਹਿੰਦੀ ਕਲਾ ਕਾਰਨ ਵਿਸ਼ੇ ਵਿਕਾਰ ਜੀਵਣ ਵਿੱਚ ਭਾਰੂ ਹੋ ਜਾਦੇਂ ਹਨ, ਇਸ ਲਈ ਅਜਿਹੇ ਜੀਵਨ ਵਾਸਤੇ ਗੁਰੂ ਸਾਹਿਬ, ਵਿਕਾਰਾਂ ਵੱਲੋਂ ਲਾਹੀ ਪਤ (ਇਜ਼ਤ) ਕਾਰਨ ਸਭ ਕੁਝ ਖਾਣਾ ਹਰਾਮ ਦਸਦੇ ਹਨ ਤੇ ਇਸ ਦੀ ਤੁਲਨਾ ਇੱਕ ਮੁਰਦੇ ਸਰੀਰ ਨਾਲ ਕਰਦੇ ਹਨ। ਇਸ ਦੇ ਉਲਟ ਨਾਮ ਨਾਲ ਸਾਂਝ ਪਾਉਣ ਵਾਲਿਆਂ ਨੂੰ ਹੀ ਅਸਲੀ ਜੀਵਨ ਦੇ ਮਾਲਿਕ ਦਸਦੇ ਹਨ:

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥**
**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥**
**- ਮਾਝ ਕੀ ਵਾਰ (ਮਃ ੧) - ਅੰਗ ੧੪੨**

ਇਹ ਹੈ ਨਾਮ ਬਿਨਾ ਜੀਵਨ। ਇੱਕ ਗੱਲ ਇੱਥੇ ਇਤਫਾਕ ਵੱਸ ਕਰਨੀ ਬੇਅਰਥ ਨਹੀਂ ਹੋਵੇਗੀ ਕਿ ਗੁਰੂ ਜੀ ਨੇ ਨਾਮ ਨਾਲ ਸਾਂਝ ਪਾਉਣ ਦੀ ਕੋਈ ਵਿਸ਼ੇਸ਼ ਵਿਧੀ ਨਿਸ਼ਚਿਤ ਨਹੀਂ ਕੀਤੀ। ਹਾਂ, ਹਉਮੈ ਦੇ ਅਭਾਵ ਸਮੇਂ ਬਾਣੀ ਦਾ ਜਾਪ, ਕਥਾ, ਕੀਰਤਨ ਤੇ ਨਿਸ਼ਕਾਮ ਸੇਵਾ ਆਦਿ 'ਨਾਮ' ਨਾਲ ਜੋੜਨ ਲਈ ਸਹਾਇਕ ਜ਼ਰੂਰ ਦੱਸੇ ਹਨ ਕਿਉਂਕਿ ਆਪਣੇ ਆਪ ਨੂੰ ਇਹਨਾਂ ਕਾਰਜਾਂ ਲਈ ਸ਼ਰਧਾ ਭਾਵਨਾ ਸਹਿਤ ਗੁਰੂ ਕੋਲ ਸਮਰਪਿਤ ਕਰਨਾ ਲਾਜ਼ਮੀ ਹੈ। ਇਸ ਤਰ੍ਹਾਂ ਜੋ 'ਨਾਮ' ਵਡਿਆਇਆ ਜਾ ਸਕੇ।ਸਮਰਪਿਤਤਾ ਵੀ ਗੁਰੂ ਪ੍ਰਤੀ ਅਜਿਹੀ ਜਿੱਥੇ ਆਪ ਮੁਹਾਰੇ 'ਵਾਹ ਗੁਰੂ' ਨਿਕਲਣਾ ਲਾਜ਼ਮੀ ਹੋ ਜਾਏ। ਉਂਜ ਤਾਂ ਇੱਕ ਬਾਪ ਦੀ ਸੰਤਾਨ ਵਾਂਗ ਆਪਣੇ ਬਾਪ ਨੂੰ ਸਤਿਕਾਰਤਾ ਪਿਤਾ, ਪਾਪਾ ਆਦਿਕ

ਸ਼ਬਦਾਂ ਦੁਆਰਾ ਸੰਬੋਧਨ ਕਰਨ ਦੀ ਤਰ੍ਹਾਂ ਉਸ 'ਨਾਮ' ਨੂੰ ਵੀ ਤੂੰ ਸਾਂਝਾ ਸਾਹਿਬ ਬਾਪ ਹਮਾਰ' ਕਾਰਨ ਜਿਵੇਂ ਮਰਜੀ ਸਤਿਕਾਰ ਸਹਿਤ ਸੰਬੋਧਨ ਕੀਤਾ ਜਾ ਸਕਦਾ ਹੈ ਕਿਉਂਕਿ ਇੱਕ ਪਿਤਾ ਨੂੰ ਬੱਚੇ ਦਾ ਪਿਆਰ ਹੀ ਕਾਫੀ ਹੁੰਦਾ ਹੈ। ਸੋ ਸਾਡਾ ਸਾਂਝਾ ਬਾਪ ਵੀ ਪਿਆਰ ਦਾ ਭੁੱਖਾ ਹੈ ਨਾ ਕਿ ਕਿਸੇ ਖਾਸ ਨਾਮ ਦੁਆਰਾ ਖੁਸ਼ ਹੋਣ ਦਾ। ਜਿਵੇਂ ਸ੍ਰੀ ਦਸ਼ਮੇਸ਼ ਜੀ ਵੀ ਇਸੇ ਸੱਚ ਵੱਲ ਇਸ਼ਾਰਾ ਕਰਦੇ ਹਨ :

**ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥**

ਸਾਚਾ ਨਾਮ ਸਾਡੇ ਜੀਵਨ ਦਾ ਆਧਾਰ ਹੈ। ਪਰ ਜੀਵਨ ਦੀ ਇਹ ਆਧਾਰਸ਼ਿਲਾ ਤਾਂ ਹੀ ਸਾਡੇ ਲਈ ਢਾਲ ਦਾ ਕੰਮ ਕਰ ਸਕਦੀ ਹੈ ਜੇ ਉਸ ਨੂੰ ਕਹਨਿ ਧਿਆਇਨ ਸੁਣਨ ਕਰਕੇ ਕਿਸੇ ਚੰਗੇ ਭਗਤ ਵਾਂਗੂ ਸੋਹਣੇ ਲਗਦੇ ਹੋਈਏ। ਨਿਰਮਲ, ਪਵਿੱਤਰ, ਸੁੱਚ ਤੇ ਸਾਚੀ ਪ੍ਰੀਤ ਜਿਹੇ ਸ਼ਬਦ ਸਾਡੀ ਜ਼ਿੰਦਗੀ ਵਿੱਚ ਇੱਕ ਦਰਿਆ ਦੇ ਪ੍ਰਵਾਹ ਦੀ ਤਰ੍ਹਾਂ ਅਮਲੀ ਤੌਰ ਤੇ ਵਗ ਪੈਣ ਤਾਂ ਸ਼ਰਤੀਆ ਹੀ ਜੀਵਣ, ਉਸ ਇੱਕ ਨਾਲ ਅਭੇਦ ਹੀ ਨਹੀਂ ਹੋਵੇਗਾ, ਸਗੋਂ ਜਿਹੜੀ ਪਹਿਲਾਂ ਸੁੱਖ ਪ੍ਰਾਪਤ ਕਰਨ ਦੀ ਲਾਲਸਾ ਰਹਿੰਦੀ ਸੀ, ਉਹ ਵੀ ਜੇ ਸੁੱਖ ਦੇ ਹਿੱਤ ਤੁਝਹਿ ਅਰਾਧੀ ਦੁੱਖ ਭੀ ਤੁਝਹਿ ਧਿਆਈ ਵਾਂਗ ਖਤਮ ਹੋ ਜਾਵੇਗੀ। ਜੀਵਣ ਵਿੱਚ ਅਸਲ ਸੁੱਖ ਕੀ ਹੈ ਦਾ ਪਤਾ ਲੱਗਣਾ ਲਾਜ਼ਮੀ ਤੌਰ ਤੇ ਸ਼ੁਰੂ ਹੋ ਜਾਂਦਾ ਹੈ। ਫਿਰ ਇੱਥੇ ਜੀਵਨ ਦੀ ਉਸ ਅਵਸਥਾ ਦਾ ਪੜਾਅ ਸ਼ੁਰੂ ਹੋ ਜਾਂਦਾ ਹੈ। ਜਿੱਥ 'ਨਾਮ' ਨਾਲ ਸਾਂਝ ਪਾਉਣ ਕਾਰਨ ਜੀਵਨ ਤੇ ਮੌਤ ਇੱਕ ਬਰਾਬਰ ਹੋ ਜਾਂਦੇ ਤੇ ਅਜਿਹੇ ਜੀਵਣ ਵਾਲੇ ਮਨੁੱਖ ਦਾ ਅਮ੍ਰਿਤ ਵੇਲੇ ਜਪੁ ਬਾਣੀ ਦਾ ਪਾਠ ਕਰਨ ਵਾਂਗੂੰ , ਬੰਦ-ਬੰਦ ਕਟਵਾਉਣ ਸਮੇਂ ਵੀ ਜਪੁ ਦਾ ਜਾਪ ਚਲਦਾ ਰਹਿੰਦਾ ਹੈ। ਸੋਚਣਾ ਤਾਂ ਦੂਰ ਦੀ ਗੱਲ, ਸਮਾਧੀ ਵੀ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ। ਇਹ ਹੈ ਨਾਮ ਦਾ ਚਮਤਕਾਰ ਜੋ ਮਨੁੱਖ ਨੂੰ ਉਪਰੋਕਤ ਅਵਸਥਾ ਵਿੱਚ ਸਵੱਲੀ ਨਦਰ ਨਾਲ ਜੀਵਨ ਮੁਕਤੀ ਬਖਸ਼ਦਾ ਹੈ ਤਾਂ ਅਜਿਹਾ ਪੂਰਨ ਮਨੁੱਖ ਵੀ ਉਸ ਦਾ ਸ਼ੁਕਰੀਆ ਕਰਦਾ ਹੈ :

**ਆਪੇ ਆਪਿ ਆਪਿ ਸਲਾਹੇ ॥ ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥**
**ਤੂੰ ਆਪ ਸਚਾ ਤੇਰੀ ਬਾਣੀ ਸਚੀ ਆਪੇ ਅਲਖ ਅਥਾਹਾ ਹੇ ॥**
**(ਮਾਰੂ ਸੋਲਹੇ ਪੰਨਾ ੧੦੫੭)**

ਪਰ ਕਿਸੇ ਹੀ ਮਨੁੱਖ ਦੇ ਜੀਵਨ ਵਿੱਚ ਅਜਿਹੀ ਅਵਸਥਾ ਕਿਵੇਂ ਪ੍ਰਾਪਤ ਹੁੰਦੀ ਹੈ ? ਹੈ ਤਾਂ 'ਨਾਮ' ਦੇ ਹੀ ਚਮਤਕਾਰ ਕਰਕੇ ਫਿਰ ਵੀ 'ਨਾਮ' ਤੱਕ ਸਿੱਧੀ ਪਹੁੰਚ ਦੀ ਸਮਰੱਥਾ ਮਨੁੱਖ ਕੋਲ ਨਹੀਂ। ਗੁਰੂ ਜੀ ਅਨੁਸਾਰ ਅਜਿਹਾ ਸਭ ਕੁਝ ਗੁਰੂ ਸ਼ਰਣ ਪਇਆ ਪ੍ਰਾਪਤ ਹੁੰਦਾ ਹੈ ਕਿਉਂਕਿ ਗੁਰੂ ਜੀ ਦਾ ਉਦੇਸ਼ ਹੀ ਮਨੁੱਖ ਨੂੰ ਸ਼ਰਣੀ ਪਇਆ, ਮਿਹਰ ਦੀ ਨਦਰ ਨਾਲ ਪਾਪਾਂ ਤੋਂ ਮੁਕਤ ਕਰਨ ਤੋਂ ਇਲਾਵਾ 'ਨਾਮ' ਦੀ ਪੂੰਜੀ ਬਖਸ਼ ਕੇ ਜਨਮ

ਜਨਮਾਂਤਰਾਂ ਦੇ ਕਰਜ਼ ਤੋਂ ਸੁਰਖਰੂ ਕਰਨਾ ਹੈ । ਤਾਂ ਹੀ ਜੀਵਨ ਦਾ ਲਾਹਾ ਖੱਟਣ ਵਾਲੇ ਜੀਵਨ ਮੁਕਤ ਪੂਰਨ ਮਨੁੱਖ ਦੇ ਧੁਰ ਅੰਦਰ ਚੌਥੇ ਨਾਨਕ ਜੀ ਦੇ ਇਹਨਾਂ ਪਾਵਨ ਸ਼ਬਦਾਂ ਦੀ ਛਾਪ ਰਹਿੰਦੀ ਹੈ :

**"ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥**
**ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥**

**– ਜੈਤਸਰੀ (ਮਃ ੪) – ਅੰਗ ੬੯੬**

**ਧੰਨਵਾਦ ਸਾਹਿਤ ਵਿਚੋਂ :-**

**"ਸਹਿਜ" ਗੁਰਮਤਿ ਕਾਲਜ, ਪਟਿਆਲਾ**

# ਧਰਮ ਪ੍ਰਚਾਰ ਤੇ ਖਾਲਸਾ

**ਸਿੰਘ ਸਾਹਿਬ ਗਿ: ਜਸਵੰਤ ਸਿੰਘ ਪ੍ਰਵਾਨਾ**

ਅੱਜ ਜਦੋਂ ਅੰਮ੍ਰਿਤ ਸੰਚਾਰ ਹੁੰਦਾ ਹੈ ਤਾਂ ਪੰਜਾਂ ਪਿਆਰਿਆਂ ਵਿਚੋਂ ਇੱਕ ਸਿੰਘ ਗੁਰਮਤਿ ਰਹਿਣੀ ਬਾਰੇ ਵਾਕਫ਼ੀ ਦਿੰਦਾ ਹੈ । ਇੱਕ ਅਕਾਲ ਪੁਰਖ ਦਾ ਭਰੋਸਾ ਦਸਾਂ ਪਾਤਸ਼ਾਹੀਆਂ ਤੇ ਸ਼ਰਧਾ ਸ੍ਰੀ ਗੁਰੂ ਗ੍ਰੰਥ ਤੇ ਪੰਥ ਨੂੰ ਗੁਰੂ ਮੰਨਣਾ । ਰਹਿਤਾਂ ਰੱਖਣੀਆਂ ਕੁਰਹਿਤਾਂ ਤੋਂ ਬੱਚ ਕੇ ਰਹਿਣਾ । ਇਹ ਸਾਰੀ ਵਾਕਫ਼ੀ ਦੇ ਕੇ ਉਹ ਸਿੰਘ ਕਹਿੰਦਾ ਹੈ, "ਹੇ ਅੰਮ੍ਰਿਤ ਅਭਿਲਾਖੀ ਗੁਰੂ ਕੇ ਲਾਲ ਜੇ ਤੁਹਾਨੂੰ ਇਹ ਸ਼ਰਤਾਂ ਪ੍ਰਵਾਨ ਹਨ ਤਾਂ ਤੁਸੀਂ ਗੁਰੂ ਕੀ ਬਖ਼ਸ਼ਿਸ਼ ਅੰਮ੍ਰਿਤ ਛੱਕ ਸਕਦੇ ਹੋ । ਜੇ ਤੁਹਾਨੂੰ ਇਹ ਨਾ ਪ੍ਰਵਾਨ ਹੋਣ ਤਾਂ ਤੁਸੀਂ ਇਥੋਂ ਜਾ ਸਕਦੇ ਹੋ । ਜੇ ਤੁਸੀਂ ਕਿਸੇ ਮਜਬੂਰੀ ਵੱਸ ਹੋ ਜਾਂ ਕਿਸੇ ਦੇ ਦਬਾਅ ਥੱਲੇ ਆ ਗਏ ਹੋਵੋਂ ਤਾਂ ਵੀ ਤੁਸੀਂ ਜਾ ਸਕਦੇ ਹੋ । ਜੇ ਖੁਸ਼ੀ ਨਾਲ ਤੁਹਾਡਾ ਮਨ ਗੁਰਮਤਿ ਰਹਿਣੀ ਨੂੰ ਪ੍ਰਵਾਨ ਕਰਦਾ ਹੈ ਤਾਂ ਤੁਹਾਨੂੰ ਜੀ ਆਇਆ ਨੂੰ, ਤੁਸੀਂ ਅੰਮ੍ਰਿਤਪਾਨ ਕਰ ਸਕਦੇ ਹੋ ।"

ਅੱਜ ਅਸੀਂ ਦੁਨੀਆਂ ਦੇ ਵੱਡੀ-ਵੱਡੀ ਗਿਣਤੀ ਵਿੱਚ ਜੋ ਧਰਮ ਦੇਖਦੇ ਹਾਂ । ਉਹਨਾਂ ਦਾ ਧਰਮ ਪ੍ਰਚਾਰ ਦਾ ਜੋ ਇਤਿਹਾਸ ਹੈ ਉਹ ਪੜ੍ਹ ਕੇ ਹੈਰਾਨ ਹੋ ਜਾਈਦਾ ਹੈ ਕਿ ਇਹ ਧਰਮ ਪ੍ਰਚਾਰ ਸੀ ਜਾਂ ਇੱਕ ਬਹੁਤ ਵੱਡੀ ਗੁਲਾਮੀ ਦੀ ਦਾਸਤਾਨ ਸੀ । ਕਿਸੇ ਦਾ ਇੱਕ ਹੱਥ ਵਿੱਚ ਆਪਣਾ ਧਾਰਮਿਕ ਗ੍ਰੰਥ ਫੜਨਾ ਤੇ ਦੂਸਰੇ ਹੱਥ ਵਿੱਚ ਤਲਵਾਰ ਫੜਨੀ ਤੇ ਪੁੱਛਣਾ ਕਿ ਦਸ ਇਸਲਾਮ ਪ੍ਰਵਾਨ ਹੈ ਕਿ ਮੌਤ । ਦੋਹਾਂ ਵਿਚੋਂ ਕੀ ਚੁਣਨਾ ਹੈ । ਐਸਾ ਬੰਦਾ ਜਿਹੜਾ ਇਸ ਮਜਬੂਰੀ ਵਿੱਚ ਮੁਸਲਮਾਨ ਬਣੇਗਾ ਉਹ ਧਰਮ ਦੇ ਬਾਰੇ ਕੀ ਸਮਝੇਗਾ । ਉਸ ਨੂੰ ਆਤਮ ਰਸ ਨਾਮ ਰਸ ਕੀ ਆਵੇਗਾ ਉਹ ਤਾਂ ਧਾਰਮਿਕ ਸਾਧਨਾਂ ਨੂੰ ਗੁਲਾਮੀ ਦਾ ਤੌਕ ਸਮਝੇਗਾ । ਜੋ ਜ਼ਬਰਦਸਤੀ ਉਸ ਦੇ ਗਲ ਵਿੱਚ ਪਾਇਆ ਗਿਆ ਹੈ । ਐਸਾ ਬੰਦਾ ਆਪਣੀ ਆਤਮਿਕ ਸੁਤੰਤਰਤਾ ਗੁਆ ਬੈਠਦਾ ਹੈ ਅਤੇ ਉਸ ਨੂੰ ਕਦੀ ਵੀ ਧਰਮ ਪ੍ਰਾਪਤ ਨਹੀਂ ਹੋ ਸਕਦਾ ।

ਕੁਝ ਧਰਮਾਂ ਨੇ ਜਦੋਂ ਵੇਖਿਆ ਕਿ ਹੁਣ ਜ਼ੁਲਮ ਦਾ ਸਿੱਧਾ ਯੁਗ ਨਹੀਂ ਰਿਹਾ ਉਨ੍ਹਾਂ ਰੁਖ ਬਦਲ ਲਿਆ। ਉਨ੍ਹਾਂ ਸਫਾਈ ਦੇ ਨਾਂ ਤੇ ਸੰਸਥਾਵਾਂ ਬਣਾਈਆਂ ਕਿ ਅਸੀਂ ਤੁਹਾਡੇ ਘਰ ਜਾਂ ਸ਼ਹਿਰ ਸਾਫ਼ ਕਰਨ ਆਏ ਹਾਂ। ਦਵਾਈਆਂ ਦੇ ਨਾਂ ਤੇ ਆ ਗਏ ਕਿ ਅਸੀਂ ਹਸਪਤਾਲ ਖੋਲ੍ਹ ਰਹੇ ਹਾਂ। ਦੁਖੀਆਂ ਨੂੰ ਦਵਾਈਆਂ ਦੇਵਾਂਗੇ ਜਾਂ ਪੜ੍ਹਾਈ ਦੇ ਨਾਂ ਤੇ ਆਏ ਅਸੀਂ ਤੁਹਾਡੇ ਬੱਚੇ ਪੜ੍ਹਾਵਾਂਗੇ। ਆਖਰ ਸਭ ਕੁਝ ਕਰਕੇ ਮਜਬੂਰ ਬੰਦਿਆਂ ਦੇ ਗਲ ਵਿੱਚ ਆਪਣੇ ਧਰਮ ਦਾ ਪੱਟਾ ਪਾ ਹੀ ਦਿੱਤਾ। ਮਨ ਨਹੀਂ ਸੀ ਕਬੂਲ ਰਿਹਾ ਪਰ ਜਿਹੜੇ ਬੰਦੇ ਰੋਗੀ ਤੇ ਗ਼ਰੀਬ ਰੋਟੀਓਂ ਆਤੁਰ ਸਨ ਅਹਿਸਾਨ ਥੱਲੇ ਦੱਬ ਗਏ ਸਨ ਉਹ ਨਾਂਹ ਵੀ ਨਹੀਂ ਕਰ ਸਕੇ। ਉਹ ਵੀ ਆਤਮਿਕ ਸੁਤੰਤਰਤਾ ਗੁਆ ਬੈਠੇ। ਐਸੇ ਬੰਦਿਆ ਨੂੰ ਆਤਮਿਕ ਰਸ ਨਾਮ ਰਸ ਕਦੀ ਵੀ ਪ੍ਰਾਪਤ ਨਹੀਂ ਹੋ ਸਕਦਾ।

ਧਰਮੀ ਬਣਨ ਲਈ ਪਹਿਲੀ ਸ਼ਰਤ ਹੈ ਕਿ ਚਿੱਤ ਸੁਤੰਤਰ ਹੋਵੇ। ਬੜੇ ਚਾਅ ਉਮਾਹ ਨਾਲ ਬੰਦਾ ਖਿੜੇ ਮੱਥੇ ਧਰਮ ਦੀ ਮੰਗ ਕਰੇ। ਐਸਾ ਕਿਵੇਂ ਹੋਵੇ ? ਸਤਿਗੁਰੂ ਨਾਨਕ ਦੇਵ ਜੀ ਨੇ ਕਿਸੇ ਨੂੰ ਵੀ ਨਹੀਂ ਕਿਹਾ ਕਿ ਤੂੰ ਮੇਰਾ ਸਿੱਖ ਬਣ ਜਾ। ਤੂੰ ਮੇਰੇ ਵਰਗਾ ਬਣ ਜਾ। ਵੇਖਣ ਵਾਲਾ ਦਰਸ਼ਨ ਕਰਕੇ ਹੀ ਨਿਹਾਲ ਹੋ ਜਾਂਦਾ ਸੀ ਤੇ ਚਰਨੀ ਡਿੱਗ ਕੇ ਕਹਿੰਦਾ ਸੀ ਬਾਬਾ ਜੀ ਜੋ ਅਨੰਦ ਜੋ ਨਾਮ ਰਸ ਤੁਹਾਨੂੰ ਮਿਲਿਆ ਹੈ ਉਹ ਮੈਨੂੰ ਵੀ ਦਿਉ। ਸਿੱਧ ਗੋਸ਼ਟਿ ਸਾਡੇ ਸਾਹਮਣੇ ਹੈ। ਪਹਿਲਾਂ ਤਾਂ ਸਿੱਧ ਉਹੋ ਪ੍ਰਚਾਰ ਦੀ ਚਾਲ ਚੱਲਦੇ ਰਹੇ। ਜੋ ਪਹਿਲੇ ਧਰਮੀ ਕਰਦੇ ਸਨ ਕਿ ਦੂਸਰੇ ਨੂੰ ਡਰਾ ਕੇ ਦਬਾ ਕੇ ਜਾਂ ਲੋਭ ਦੇ ਕੇ ਕੋਈ ਸਬਜ਼ ਬਾਗ਼ ਵਿਖਾ ਕੇ ਆਪਣੇ ਸੰਗ ਵਿੱਚ ਮਿਲਾ ਲੈਣਾ। ਸਿੱਧਾਂ ਨੇ ਲੋਭ ਵੀ ਦਿੱਤਾ, ਡਰਾਇਆ ਧਮਕਾਇਆ ਵੀ ਪਰ ਜਦੋਂ ਸਤਿਗੁਰੂ ਤੇ ਨਾ ਹੀ ਕਿਸੇ ਲੋਭ ਦਾ ਅਸਰ ਹੋਇਆ ਅਤੇ ਨਾ ਹੀ ਕਿਸੇ ਡਰ ਦਬਾਅ ਦਾ ਅਸਰ ਹੋਇਆ ਤਾਂ ਸਿੱਧ ਹਾਰ ਗਏ। ਸਿੱਧਾਂ ਨੂੰ ਕਹਿਣਾ ਪਿਆ ਕਿ ਅਸੀਂ ਤੁਹਾਨੂੰ ਆਪਣੇ ਜੋਗ ਮਤਿ ਵਿੱਚ ਲਿਆਉਣ ਦਾ ਯਤਨ ਕੀਤਾ ਹੈ। ਬਾਬਾ ਜੀ ਤੁਸੀਂ ਤਾਂ ਸਾਨੂੰ ਹਾਰਿਆਂ ਨੂੰ ਵੀ ਨਹੀਂ ਕਿਹਾ ਕਿ ਮੇਰੇ ਸਿੱਖ ਬਣ ਜਾਉ। ਹੁਣ ਅਸੀਂ ਹੀ ਇਹ ਬੇਨਤੀ ਕਰਦੇ ਹਾਂ ਕਿ ਸਾਨੂੰ ਇਹ ਸਿੱਖਿਆ ਦੇਵੋ ਕਿ ਜੋ ਤੁਹਾਨੂੰ ਮਿਲਿਆ ਹੈ ਇਹ ਕਿਵੇਂ ਮਿਲਿਆ ਹੈ। ਇਹ ਟਿਕਾਉ, ਇਹ ਸ਼ਾਂਤੀ, ਇਹ ਗਵਨ ਦਾ ਮਿੱਟ ਜਾਣਾ ਸਹਿਜ ਅਵਸਥਾ ਪ੍ਰਾਪਤ ਕਿਵੇਂ ਹੋਈ ਹੈ। ਇਹ ਪੁੱਛਣਾ ਹੀ ਸਿੱਖ ਬਣਨਾ ਹੈ। ਇਹ ਦੀਖਿਆ ਦੀ ਮੰਗ ਹੀ ਹੈ।

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ॥
ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥
ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥੧੯॥
– ਅੰਗ ੯੪੦

ਸਤਿਗੁਰੂ ਜੀ ਉੱਤਰ ਦੇਂਦੇ ਹਨ–

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ਅਨਹਤਿ ਰਾਤੇ ਇਹੁ ਮਨੁ ਲਾਇਆ॥

**ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥**
**ਅੰਗ ੯੪੦**

ਸਿੱਧਾਂ ਨੂੰ ਇਹ ਕਹਿਣਾ ਪਿਆ ਕਿ ਸਤਿਗੁਰੂ ਨਾਨਕ ਦੇਵ ਜੀ ਤੁਹਾਡੀ ਧੰਨ ਕਮਾਈ ਹੈ।

**ਸਿਧ ਬੋਲਣ ਸ਼ੁਭ ਬਚਨ,ਧੰਨ ਨਾਨਕ ਤੇਰੀ ਵਡੀ ਕਮਾਈ ॥**
**ਵਡਾ ਪੁਰਖ ਪ੍ਰਗਟਿਆ, ਕਲਜੁਗ ਅੰਦਰ ਜੋਤਿ ਜਗਾਈ ॥**

ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਚਾਰ ਢੰਗ ਇਹੀ ਰਿਹਾ ਹੈ ਕਿ ਧਰਮੀ ਬੰਦਾ ਦੀਵੇ ਵਾਂਗੂੰ ਜਗਦਾ ਹੋਵੇ। ਰੌਸ਼ਨੀ ਲੈਣ ਵਾਲਿਆਂ ਨੂੰ ਲੱਭਣ ਜਾਣ ਦੀ ਲੋੜ ਨਹੀਂ। ਰੌਸ਼ਨੀ ਲੈਣ ਵਾਲੇ ਆਪੇ ਹੀ ਆ ਜਾਣਗੇ। ਧਾਰਮਿਕ ਬੰਦਾ ਬੁਝਿਆ ਦੀਵਾ ਨਾ ਹੋਵੇ ਉਸ ਨੂੰ ਬੋਲ ਕੇ ਇਸ਼ਤਿਹਾਰਾਂ ਰਾਹੀਂ ਰੌਲਾ ਰੱਪਾ ਪਾ ਕੇ ਨਾ ਦੱਸਣਾ ਪਵੇ ਕਿ ਮੈਂ ਦੀਵਾ ਹਾਂ। ਦੀਵਾ ਜਗਦਾ ਹੋਵੇ ਦੂਰੋਂ ਮੀਲਾਂ ਤੋਂ ਆਪਣੇ ਆਪ ਪਤਾ ਲੱਗ ਜਾਂਦਾ ਹੈ। ਦੀਵਾ ਜਗਦਾ ਹੋਵੇ ਤਾਂ ਮੁਸਾਫਿਰ ਉਸ ਨੂੰ ਸੇਧ ਬਣਾ ਕੇ ਆਪਣੀ ਮੰਜ਼ਲ ਤੈਅ ਕਰ ਲੈਂਦੇ ਹਨ।

ਦੀਵਾ ਭਾਵੇਂ ਸੋਨੇ ਦਾ ਹੋਵੇ, ਰਤਨਾਂ ਨਾਲ ਜੜਿਆ ਹੋਵੇ ਪਰ ਜੇ ਬੁਝਿਆ ਹੋਵੇ ਤਾਂ ਸਾਰੀ ਦੁਨੀਆਂ ਦੇ ਬੰਦੇ ਦਿਨ-ਰਾਤ ਉਸ ਦਾ ਪ੍ਰਚਾਰ ਕਰਦੇ ਹੋਣ ਕਿ ਬੜਾ ਕੀਮਤੀ ਤੇ ਸੱਚਾ ਦੀਵਾ ਇਹੋ ਹੈ। ਸੋਨੇ ਦਾ ਦੀਵਾ ਹੁੰਦਿਆਂ ਅਤੇ ਇੰਨਾਂ ਪ੍ਰਚਾਰ ਹੁੰਦਿਆਂ ਵੀ ਜੇ ਉਹ ਬੁਝਿਆ ਦੀਵਾ ਹੈ ਤਾਂ ਕਿਸੇ ਨੂੰ ਮਾਰਗ ਨਹੀਂ ਵਿਖਾ ਸਕੇਗਾ। ਉਸ ਦੇ ਪਾਸ ਸੋਨਾ ਹੈ, ਪ੍ਰਚਾਰ ਹੈ ਪਰ ਪ੍ਰਕਾਸ਼ ਨਹੀਂ। ਗੁਰਮਤਿ ਦਾ ਪ੍ਰਚਾਰ ਗੁਰਮਤਿ ਦਾ ਪ੍ਰਕਾਸ਼ ਹੈ। ਸਿੱਖ ਦੇ ਮਨ ਵਿੱਚ ਸ਼ਬਦ ਦਾ ਪ੍ਰਕਾਸ਼ ਹੋਵੇ ਫਿਰ ਲੋਕ ਆਪੇ ਹੀ ਕੋਲ ਆ ਜਾਣਗੇ ਕਿ ਅਕਾਲ ਪੁਰਖ ਦੇ ਦੀਵੇ ਸਾਨੂੰ ਵੀ ਆਪਣੀ ਛੋਹ ਦੇ ਤਾਂਕਿ ਅਸੀਂ ਵੀ ਜਗ ਜਾਈਏ।

ਗੁਰੂ ਰਾਮਦਾਸ ਜੀ ਪ੍ਰਚਾਰ ਦਾ ਢੰਗ ਬੜਾ ਹੀ ਕਮਾਲ ਦੱਸਦੇ ਹਨ ਤੇ ਦਸਾਂ ਗੁਰੂਆਂ ਦਾ ਪ੍ਰਚਾਰ ਸਿਧਾਂਤ ਇੱਕ ਹੀ ਹੈ ਕਿ ਸਿਰਫ਼ ਸੰਗਠਨ ਹੀ ਵਧਾਉਣਾ ਧਰਮ ਪ੍ਰਚਾਰ ਨਹੀਂ। ਧਰਮ ਹਿਰਦੇ ਵਿੱਚ ਵਸਾਉਣਾ ਧਰਮ ਪ੍ਰਚਾਰ ਹੈ। ਸਾਹਿਬ ਕਹਿੰਦੇ ਹਨ ਜਿਹੜਾ ਗੁਰਸਿੱਖ ਆਪ ਨਾਮ ਜਪਦਾ ਹੈ, ਜਿਸ ਨਾਮ ਅਉਖਧ ਨਾਲ ਆਪਣੇ ਦੁੱਖ ਮੁੱਕੇ ਹਨ, ਜਿਸ ਨਾਮ ਜਪਣ ਦੁਆਰਾ ਆਪ ਨੂੰ ਆਤਮਿਕ ਅਨੰਦ ਰੂਹਾਨੀ ਪ੍ਰਕਾਸ਼ ਮਿਲਿਆ ਹੈ। ਉਹੀ ਨਾਮ ਦੂਸਰੇ ਨੂੰ ਜਪਾਉਂਦਾ ਹੈ ਅਤੇ ਇਸ ਵਿੱਚ ਆਪਣਾ ਸੁਆਰਥ ਕੋਈ ਨਹੀਂ। ਸਿਰਫ਼ ਦੂਸਰੇ ਦੇ ਭਲੇ ਲਈ ਨਾਮ ਜਪਾ ਰਿਹਾ ਹੈ ਤਾਂ ਮੈਂ ਉਸ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦਾ ਹਾਂ।

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ ਅੰਗ ੩੦੬**

ਅੱਜ ਦੁਨੀਆਂ ਬਹੁਤ ਛੋਟੀ ਹੋ ਗਈ ਹੈ। ਵਿਗਿਆਨਕ ਪ੍ਰਾਪਤੀਆਂ ਨੇ ਬਹੁਤ ਨੇੜਤਾ ਪੈਦਾ ਕਰ ਦਿੱਤੀ ਹੈ। ਹਰ ਬੰਦਾ ਘਰ ਬੈਠਾ ਵੇਖ ਰਿਹਾ ਹੈ ਕਿ ਦੁਨੀਆਂ ਦੇ ਦੂਸਰੇ

ਕੋਨੇ ਵਿੱਚ ਕੀ ਹੋ ਰਿਹਾ ਹੈ। ਕਿਸੇ ਦੇ ਪੱਲੇ ਸੱਚ ਹੋਵੇ ਸਹੀ, ਸੰਸਾਰ ਵਿੱਚ ਫੈਲਦਿਆਂ ਦੇਰੀ ਨਹੀਂ ਲਗੇਗੀ। ਮੀਡੀਏ ਨੂੰ ਠੀਕ ਢੰਗ ਨਾਲ ਵਰਤਣਾ ਉਸ ਤੋਂ ਸਹੀ ਫਾਇਦਾ ਉਠਾਉਣਾ ਬੜਾ ਹੀ ਜ਼ਰੂਰੀ ਹੈ।

ਸਾਇੰਸ ਨੂੰ ਧਰਮ ਤੋਂ ਵਿਰੋਧੀ ਦੱਸਣ ਵਾਲੇ ਬੰਦੇ ਉਹ ਬੰਦੇ ਹਨ ਜੋ ਜੀਵਨ ਵਿੱਚ ਬਿਲਕੁਲ ਹੀ ਹਾਰੇ ਹੋਏ ਅਤੇ ਬੇਕਾਰ ਬੰਦੇ ਹਨ। ਸਾਇੰਸ ਧਰਮ ਦੀ ਬੜੀ ਸੇਵਾ ਕਰ ਸਕਦੀ ਹੈ। ਪ੍ਰਚਾਰ ਵਿੱਚ ਸਹਾਇਕ ਹੋ ਸਕਦੀ ਹੈ ਅਤੇ ਹੋ ਰਹੀ ਹੈ। ਸਾਨੂੰ ਗੁਰਮਤਿ ਦੇ ਪ੍ਰਚਾਰ ਵਾਸਤੇ ਆਧੁਨਿਕ ਯੁੱਗ ਦੇ ਵਸੀਲਿਆਂ ਨੂੰ ਅਪਣਾਉਣਾ ਚਾਹੀਦਾ ਹੈ।

ਸਾਨੂੰ ਸਿਰਫ਼ ਐਸੇ ਵਸੀਲੇ ਅਪਣਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਜੋ ਸਿਧਾਂਤਕ ਤੌਰ ਤੇ ਸਾਨੂੰ ਹਾਨੀ ਪਹੁੰਚਾਉਂਦੇ ਹੋਣ। ਜੈਸਾ ਕਿ ਅਸੀਂ ਅੱਜ ਕਿਸੇ ਵਿਅਕਤੀ ਨੂੰ ਗੁਰੂ ਨਹੀਂ ਮੰਨਦੇ ਗੁਰ ਸ਼ਬਦ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਹਾਂ। ਜੇ ਅੱਜ ਫ਼ਿਲਮੀ ਯੁੱਗ ਵਿੱਚ ਕਿਸੇ ਐਕਟਰ ਨੂੰ ਗੁਰੂ ਵਿਅਕਤੀ ਦਾ ਰੋਲ ਅਦਾ ਕਰਨ ਦੀ ਆਗਿਆ ਦੇ ਦੇਂਦੇ ਹਾਂ ਤਾਂ ਸ਼ਬਦ ਗੁਰੂ ਦੇ ਸਿਧਾਂਤ ਨੂੰ ਬਹੁਤ ਵੱਡੀ ਠੇਸ ਲੱਗੇਗੀ। ਐਸੀਆਂ ਗੱਲਾਂ ਨੂੰ ਛੱਡ ਕੇ ਬਾਕੀ ਸਾਨੂੰ ਧਰਮ ਪ੍ਰਚਾਰ ਲਈ ਸਾਰੇ ਹੀਲੇ ਵਸੀਲੇ ਅਪਣਾਉਣੇ ਚਾਹੀਦੇ ਹਨ। ਜੋ ਗੁਰੂ ਦੀ ਮਤਿ ਜਗਤ ਵਿੱਚ ਪ੍ਰਚਾਰਨ ਲਈ ਸਹਾਇਕ ਹੋ ਸਕਣ।

ਜਿਨ੍ਹਾਂ ਧਰਮਾਂ ਨੇ ਇਹ ਕਹਿ ਦਿੱਤਾ ਕਿ ਜਿਹੜਾ ਅਸਵਾਰੀ ਕਰੇ ਉਹ ਧਰਮੀ ਨਹੀਂ, ਜਿਹੜਾ ਸਮੁੰਦਰੋਂ ਪਾਰ ਜਾਏ ਉਹ ਧਰਮੀ ਨਹੀਂ ਜਿਹੜਾ ਕੱਪੜੇ ਪਾਏ ਉਹ ਧਰਮੀ ਨਹੀਂ। ਉਹ ਧਰਮ ਘਰ ਜੋਗੇ ਹੀ ਰਹਿ ਗਏ ਹਨ। ਇੱਕ ਬੜੀ ਹੀ ਵਿਚਾਰਨ ਵਾਲੀ ਗੱਲ ਹੈ ਜੇ ਅਸੀਂ ਧਰਮ ਪ੍ਰਚਾਰ ਕਰਨ ਕਿਸੇ ਦੇ ਘਰ ਜਾਣਾ ਹੈ ਤਾਂ ਉਸ ਦੇ ਘਰ ਤਾਂ ਜਾਣਾ ਹੀ ਪਵੇਗਾ। ਕੁਝ ਤਾਂ ਗੱਲਾਂ ਉਸ ਨਾਲ ਸਾਂਝੀਆਂ ਕਰਨੀਆਂ ਹੀ ਪੈਣਗੀਆਂ। ਕੁਝ ਤਾਂ ਕਦਮ ਮਿਲਾ ਕੇ ਉਸ ਨਾਲ ਚਲਣਾ ਹੀ ਪਵੇਗਾ, ਨਹੀਂ ਤਾਂ ਦੂਸਰਾ ਬੰਦਾ ਸਾਡੇ ਨਾਲ ਗੱਲ ਨਹੀਂ ਕਰੇਗਾ। ਜੇ ਅਸੀਂ ਨਫ਼ਰਤ ਛੂਤ-ਛਾਤ ਵਾਲਾ, ਸੁਚ ਭਿੱਟ ਵਾਲਾ ਹਿਰਦਾ ਲੈ ਕੇ ਸੰਸਾਰ ਵਿੱਚ ਧਰਮ ਪ੍ਰਚਾਰ ਕਰਨ ਲਈ ਤੁਰਾਂਗੇ ਤਾਂ ਸਫ਼ਲਤਾ ਦੀ ਕੋਈ ਆਸ ਨਹੀਂ ਹੋ ਸਕਦੀ।

ਉਹ ਧਰਮ ਸਫ਼ਲ ਹੋਵੇਗਾ ਜਿਸ ਦੇ ਪੱਲੇ ਸੱਚ ਹੋਵੇ, ਉਸ ਧਰਮ ਨੂੰ ਮੰਨਣ ਵਾਲੇ ਸਚਿਆਰ ਹੋਣ, ਪ੍ਰੇਮੀ ਹੋਣ, ਸੇਵਾਦਾਰ ਹੋਣ ਅਤੇ ਵਰਤਮਾਨ ਯੁੱਗ ਦੇ ਸਾਰੇ ਮਾਧਿਅਮ ਵਰਤ ਕੇ ਆਪਣਾ ਸੱਚ ਘਰ-ਘਰ ਪਹੁੰਚਾ ਸਕਣ। ਜਿਹੜਾ ਧਰਮ ਅੱਜ ਵੀ ਆਪਣੀ ਗੱਲ ਜਗਤ ਦੇ ਸਾਹਮਣੇ ਨਾ ਰੱਖ ਸਕਿਆ, ਉਹ ਕਦੀ ਵੀ ਨਹੀਂ ਰੱਖ ਸਕੇਗਾ। ਉਸ ਧਰਮ ਦੇ ਪੱਲੇ ਸਿਰਫ਼ ਪਛਤਾਵਾ ਹੀ ਰਹਿ ਜਾਵੇਗਾ। ਅੱਜ ਹੀ ਸਮਾਂ ਹੈ ਹਰ ਧਰਮ ਦੀ ਦੌੜ ਲੱਗੀ ਹੈ। ਆਪਣਾ-ਆਪਣਾ ਸਾਹਿਤ ਘਰੋ-ਘਰੀ ਪਹੁੰਚਾਇਆ ਜਾ ਰਿਹਾ ਹੈ। ਅਨੇਕਾਂ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਇਹ ਬਿਲਕੁਲ ਠੀਕ ਹੈ ਕਿ ਐਸੇ ਪ੍ਰਚਾਰ ਨੇ ਜਗਤ ਦਾ ਕੁਝ ਸੰਵਾਰਨਾ ਨਹੀਂ। ਜਿਸ ਪ੍ਰਚਾਰ ਵਿੱਚ ਸੱਚ ਨਹੀਂ, ਕਾਗਜ਼ੀ ਫੁੱਲ ਹਨ, ਸੁਗੰਧੀ ਨਹੀਂ ਆਵੇਗੀ। ਹਾਂ ਘਰ ਦੀ ਸਜਾਵਟ ਜ਼ਰੂਰ ਬਣ ਜਾਣਗੇ। ਇੱਕ ਭਰਮ ਪੈਦਾ ਹੋ ਜਾਵੇਗਾ ਕਿ ਮੇਰੇ ਘਰ ਵਿੱਚ ਵੀ ਫੁੱਲ ਹਨ, ਮੇਰੇ ਘਰ ਵਿੱਚ ਵੀ ਧਰਮ ਹੈ। ਪਰ ਇਹ ਧਰਮ ਨੁਕਸਾਨ ਕਰੇਗਾ ਫਾਇਦਾ ਹੋਣ ਦੀ ਕੋਈ ਆਸ ਨਹੀਂ।

ਦੂਸਰੇ ਪਾਸੇ ਅਸਲੀ ਫੁੱਲ ਵੀ ਜੰਗਲ ਵਿੱਚ ਖਿੜਿਆ ਰਿਹਾ ਤਾਂ ਕਿਸੇ ਨੇ ਸੁਗੰਧੀ ਨਾ ਲਈ ਤਾਂ ਕੀ ਫਾਇਦਾ ਹੋਇਆ :

**ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥**
**ਗਉੜੀ (ਭ ਕਬੀਰ) – ਅੰਗ ੩੩੬**

ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ ਸਨ। ਇਹ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਹੀ ਸਨ। ਸ਼ਬਦ ਦਾ ਦੀਵਾ ਜਗਾ ਕੇ ਨਾਮ ਧਰਮ ਨਾਲ ਸ੍ਰਿਸ਼ਟੀ ਦਾ ਉਧਾਰ ਕੀਤਾ ਸੀ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਵਿਅਕਤੀਆਂ ਨੇ ਸਤਿਗੁਰੂ ਨਾਨਕ ਦੇਵ ਦੇ ਨਕਸ਼ੇ ਕਦਮ ਤੇ ਚਲਦਿਆਂ ਹੋਇਆਂ ਲੋੜ ਵੇਲੇ ਬਾਹਰ ਸਫਰ ਵੀ ਕੀਤੇ ਅਤੇ ਜੋ ਸਿੱਖੀ ਦੇ ਕੇਂਦਰ ਮਜ਼ਬੂਤ ਕਰਨ ਲਈ ਕਰਤਾਰਪੁਰ ਸਾਹਿਬ ਡੇਰਾ ਵਸਾ ਕੇ ਜੋ ਪ੍ਰੇਰਨਾ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਗਏ ਸਨ ਸਿੱਖੀ ਦੇ ਕੇਂਦਰਾਂ ਨੂੰ ਮਜ਼ਬੂਤ ਕੀਤਾ ਜੇ ਤਾਂ ਕਿ ਇਹ ਗੁਰਦੁਆਰੇ ਸਿੱਖੀ ਪ੍ਰਚਾਰ ਦੇ ਸੋਮੇ ਬਣ ਸਕਣ।

ਗੁਰਮਤਿ ਪ੍ਰਚਾਰ ਲਈ ਸਤਿਗੁਰੂ ਭਾਈ ਮਰਦਾਨੇ ਨੂੰ ਲਿਆ ਫਿਰ ਭਾਈ ਰਜ਼ਾਦਾ ਸ਼ਹਿਜ਼ਾਦਾ ਭਾਈ ਮਰਦਾਨੇ ਤੇ ਪੁੱਤਰ। ਫਿਰ ਸੱਤਾ ਜੀ, ਬਲਵੰਡ ਜੀ ਕੀਰਤਨ ਕਰਦੇ ਰਹੇ, ਭਾਈ ਨੱਥਾ ਤੇ ਅਬਦੁਲਾ ਢਾਡੀ ਕੀਰਤਨ ਕਰਦੇ ਰਹੇ, ਭਾਈ ਗੁਰਦਾਸ ਜੀ ਵਰਗੇ ਮਹਾਨ ਕਥਾਕਾਰਾਂ ਮਹਾਨ ਸੇਵਾ ਕੀਤੀ। ਸਤਿਗੁਰਾਂ ਨੇ ਬਾਈ ਮੰਜੀਆਂ ਬਵੰਜਾ ਪੀੜੇ ਥਾਪਣੇ ਗੁਰੂ ਰਾਮਦਾਸ ਜੀ ਦਾ ਮਸੰਦ ਪ੍ਰਬੰਧ। ਇਹ ਸਭ ਸਮੇਂ ਅਨੁਸਾਰ ਪ੍ਰਚਾਰ ਵਿਧੀ ਦੀ ਵਰਤੋਂ ਸੀ।

ਅੱਜ ਤੱਕ ਲੇਖਕਾਂ, ਪ੍ਰਚਾਰਕਾਂ, ਕੀਰਤਨੀਆਂ, ਸੇਵਾਦਾਰਾਂ ਕੁਰਬਾਨੀ ਵਾਲੇ ਗੁਰਸਿਖਾਂ ਪ੍ਰਚਾਰ ਵਾਸਤੇ ਜੀਵਨ ਲਗਾਏ ਹਨ। ਉਹਨਾਂ ਦਾ ਜਿੰਨਾ ਸ਼ੁਕਰਾਨਾ ਕਰੀਏ ਥੋੜਾ ਹੈ।

ਅੱਜ ਸਾਡੇ ਪਾਸ ਸਿੱਖੀ ਪ੍ਰਚਾਰ ਦੇ ਕੇਂਦਰ ਗੁਰਦੁਆਰੇ ਹਨ। ਹੋਰ ਬਹੁਤ ਸਭਾ ਸੁਸਾਇਟੀਆਂ ਹਨ। ਚੰਗੇ ਬੁੱਧੀਜੀਵੀ ਹਨ, ਸਿੱਖ ਪੰਥ ਕੋਲ ਧਨ ਹੈ, ਸਾਧਨ ਮੁਹੱਈਆ ਹੋ ਸਕਦੇ ਹਨ। ਜੋ ਅੱਜ ਤੱਕ ਪ੍ਰਚਾਰ ਦਾ ਕੰਮ ਹੋਇਆ ਹੈ, ਬਹੁਤ ਹੈ। ਪਰ ਫਿਰ ਵੀ ਇੰਨੇ ਉੱਤੇ ਹੀ ਸੰਤੁਸ਼ਟ ਹੋ ਜਾਣਾ ਠੀਕ ਨਹੀਂ। ਅਜੇ ਕਰਨ ਵਾਲੇ ਕੰਮ ਬਹੁਤ ਹਨ।

ਬਾਣਾ ਜੋ ਕਾਫੀ ਹੱਦ ਤੱਕ ਗੁਆ ਬੈਠੇ ਸਾਂ ਉਸ ਦੀ ਸੰਭਾਲ ਹੋਈ ਹੈ ।

ਪਰ ਗੁਰਮਤਿ ਚੇਤਨਾ ਅਜੇ ਤੱਕ ਪੂਰੀ ਨਹੀਂ ਜਾਗੀ, ਵਹਿਮਾਂ ਭਰਮਾਂ ਦੀ ਅੱਜ ਵੀ ਭਰਮਾਰ ਹੈ ਅਤੇ ਸਵਾਰਥੀ ਲੋਕ ਪਾਖੰਡੀ ਬੰਦੇ ਉਨ੍ਹਾਂ ਭਰਮਾਂ ਤੋਂ ਪੂਰਾ-ਪੂਰਾ ਫਾਇਦਾ ਉਠਾ ਰਹੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਠੀਕ ਢੰਗ ਨਾਲ ਪ੍ਰਚਾਰਨ ਦੀ ਲੋੜ ਹੈ ਜਿੱਥੇ ਕੁਝ ਗੁਰਦੁਆਰਿਆਂ ਵਿੱਚ ਠੀਕ ਢੰਗ ਨਾਲ ਗੁਰਮਤਿ ਪ੍ਰਚਾਰ ਹੋਇਆ ਹੈ ਤੇ ਹੋ ਰਿਹਾ ਹੈ । ਉਥੇ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਸਿਰਫ਼ ਚੌਧਰ ਪ੍ਰਧਾਨ ਹੈ । ਲੜਾਈ ਝਗੜੇ ਕਲੇਸ਼ਾਂ ਨੇ ਅਨੇਕਾਂ ਸਿੱਖਾਂ ਦੀ ਸ਼ਰਧਾ ਨੂੰ ਢਾਹ ਲਾਈ ਹੈ ਅਤੇ ਗੁਰਦੁਆਰੇ ਕਲੇਸ਼ ਦਾ ਕੇਂਦਰ ਬਣੇ ਹਨ । ਐਸੇ ਗੁਰਦੁਆਰਿਆਂ ਵਿੱਚ ਜਾ ਕੇ ਮਨ ਦਾ ਟਿਕਣਾ ਬੜਾ ਮੁਸ਼ਕਿਲ ਹੈ ।

ਪੁਰਾਤਨ ਸਿੱਖਾਂ ਦੀ ਇੱਕ ਪਰੰਪਰਾ ਸੀ ਕਿ ਜਦੋਂ ਮਿਸਲਾਂ ਦੇ ਆਪਸੀ ਝਗੜੇ ਵੀ ਸਨ, ਬਾਹਰ ਲੜਾਈ ਵੀ ਹੋ ਜਾਂਦੀ ਸੀ ਪਰ ਦਰਬਾਰ ਸਾਹਿਬ ਆ ਕੇ ਕਿਸੇ ਦੀ ਤਲਵਾਰ ਮਿਆਨ ਵਿਚੋਂ ਬਾਹਰ ਨਹੀਂ ਸੀ ਨਿਕਲਦੀ । ਸਿੱਖ ਕਹਿੰਦਾ ਸੀ ਕਿ ਇਹ ਪਾਵਨ ਅਸਥਾਨ ਹੈ । ਇਥੇ ਲੜਨ ਨਾਲ ਗੁਰੂ ਦੀ ਬੇਅਦਬੀ ਹੋਵੇਗੀ ਅਤੇ ਇਸ ਅਸਥਾਨ ਦੀ ਪਵਿੱਤਰਤਾ ਭੰਗ ਹੋਵੇਗੀ ।

ਸਾਡੇ ਕੋਲ ਜੋ ਸਾਧਨ ਹਨ ਅਜੇ ਵੀ ਸੀਮਿਤ ਹਨ । ਉਹਨਾਂ ਦੀ ਵਰਤੋਂ ਸਿਰਫ਼ ਪ੍ਰਚਾਰ ਵਾਸਤੇ ਹੋਵੇ । ਸਾਹਿਤ ਦੀ ਅਜੇ ਬਹੁਤ ਘਾਟ ਹੈ, ਹਰ ਭਾਸ਼ਾ ਵਿੱਚ ਹੋਵੇ ਤੇ ਖੁਲ੍ਹੇ ਦਿਲ ਵਰਤਾ ਸਕੀਏ । ਕੰਪਿਊਟਰ ਦੀ ਵਰਤੋਂ ਅੱਜ ਪ੍ਰਚਾਰ ਲਈ ਸਭ ਤੋਂ ਵੱਧ ਕੀਤੀ ਜਾਣੀ ਚਾਹੀਦੀ ਹੈ ।

ਸਾਰੇ ਸਾਧਨ ਵਰਤ ਕੇ ਖਾਲਸੇ ਨੇ ਮੁਢਲੀ ਗੱਲ ਵੱਲ ਧਿਆਨ ਦੇਣਾ ਹੈ ਕਿ ਉਹ ਗੱਲ ਕਿਸੇ ਨੂੰ ਨਹੀਂ ਕਹਿਣੀ ਚਾਹੀਦੀ ਜੋ ਆਪਣੇ ਅਨੁਭਵ ਵਿੱਚ ਨਹੀਂ ਆਈ । ਜੋ ਮੇਰੇ ਲਈ ਬੁਰਾ ਹੈ, ਉਹ ਸਾਰੇ ਜਗਤ ਲਈ ਬੁਰਾ ਹੈ । ਸਤਿਗੁਰਾਂ ਦਾ ਇਹ ਫ਼ੁਰਮਾਨ ਕਦੇ ਨਹੀਂ ਭੁਲਣਾ-

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ਆਸਾ (ਮਃ ੫) ੩੮੧**

ਕਿਸੇ ਥਾਂ ਦਾ, ਕਿਸੇ ਜਾਤ ਦਾ, ਗ਼ਰੀਬ ਜਾਂ ਅਮੀਰ, ਜੋ ਵੀ ਅੰਮ੍ਰਿਤਪਾਨ ਕਰਨ ਦੀ ਜਾਚਨਾ ਕਰੇ ਸਾਡਾ ਫ਼ਰਜ਼ ਹੈ ਉਸ ਨੂੰ ਗੁਰਭਾਈ ਬਣਾਈਏ ਕਿਉਂਕਿ ਖਾਲਸਾ ਧਰਮ, ਇੱਕ ਪ੍ਰਚਾਰਕ ਧਰਮ ਹੈ ।

**ਧੰਨਵਾਦਿ ਸਾਹਿਤ ਵਿਚੋਂ :-**

**ਗੁਣੀ ਨਿਧਾਨੁ ਖਾਲਸਾ**

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ  ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 12-05-2018 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 14-05-2018 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 14-05-2017 ਦਿਨ ਐਤਵਾਰ  ਸ਼ਾਮ ਨੂੰ 6.30 ਤੋਂ 9.00 ਵਜੇ ਤੱਕ '**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ** ”  ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ।  ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ  ਨੇ ਨਿਭਾਈ  ।ਸਮਾਪਤੀ ਤੇ ਗੁਰੂ ਕਾ ਲੰਗਰ  ਅਤੁੱਟ  ਵਰਤਿਆ।

**ਅਰਦਾਸ ਸਮਾਗਮ -:** ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਨਵੇਂ ਸੈਸ਼ਨ ਅਤੇ ਗੁਰਮਤਿ ਸੰਗੀਤ ਅਕੈਡਮੀ ਦੀ ਅਰੰਭਤਾ ਤੇ ਅਰਦਾਸ ਸਮਾਗਮ ਮਿਤੀ ੨੭-੦੫-੨੦੧੮ (ਐਤਵਾਰ ) ਨੂੰ ਕਰਵਾਏ ਗਏ ।ਇਸ ਸਮਾਗਮ ਦੀ ਅਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ ਫਿਰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਰਾਹੀ ਸੇਵਾ ਨਿਭਾਈ ਉਪ੍ਰੰਤ ਰਾਗੀ ਠਾਕੁਰ ਸਿੰਘ Ph.D ਸੰਗੀਤ ਅਤੇ ਰਾਗੀ ਮਨਜੀਤ ਸਿੰਘ ਨਾਮਧਾਰੀ  ਨੇ ਤੰਤੀ ਸ਼ਾਜਾ ਰਾਹੀ ਕੀਰਤਨ ਦੀ ਸੇਵਾ ਨਿਭਾਈ ਇਸ ਮੌਕੇ ਗਿਆਨੀ ਫੂਲਾ ਸਿੰਘ ਜੀ ਹੈਂਡ ਗ੍ਰੰਥੀ ਤਖਤ ਸ੍ਰੀ ਕੇਸਗੜ ਸਾਹਿਬ ਜੀ ਨੇ ਗੁਰਮਤਿ ਵਿਚਾਰਾਂ ਦੀ ਸ਼ਾਝ ਪਾਈ ।ਸਮਾਪਤੀ ਤੇ ਗੁਰੂ ਕੇ ਲੰਗਰ ਵਰਤਾਏ ਗਏ ।




ਰਾਗੀ ਠਾਕੁਰ ਸਿੰਘ ਜੀ



ਗਿਆਨੀ ਫੂਲਾ ਸਿੰਘ, ਹੈੱਡ ਗ੍ਰੰਥੀ ਤੱਖਤ ਸ੍ਰੀ ਕੇਸਗੜ ਸਾਹਿਬ



ਭਾਈ ਕੰਵਲਜੀਤ ਸਿੰਘ, ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ







ਅਰਦਾਸ ਵਿੱਚ ਜੁੜੀ ਸਮੂਹ ਸੰਗਤ





**ਸਮਾਗਮ ਵਿੱਚ ਜੁੜੀਆਂ ਸੰਗਤਾਂ**





**ਲੰਗਰ ਛਕਦੀਆਂ ਸੰਗਤਾਂ**

<u>ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ</u> –: ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਅਰੰਭ ਕੀਤੀ ਗਈ ਸੀ । ਲੜੀ ਦੀ ਸੰਪੂਰਨਤਾ 17-5-2018 ਐਤਵਾਰ ਨੂੰ ਸ੍ਰੀ ਗੁਰੂ ਅਰਜੁਨ ਦੇਵ ਹੀ ਦੇ ਸਹੀਦੀ ਦਿਵਸ ਵਾਲੇ ਦਿਨ ਕੀਤੀ ਗਈ । ਉਪਰੰਤ ਗੁਰਮਤਿ ਸਮਾਗਮ 11 ਵਜੇ ਤੱਕ ਹੋਣਗੇ ਸਮਾਪਤੀ ਤੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ ।

<u>ਗੁਰਮਤਿ ਸਮਰ ਕੈਂਪ –:</u> ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਮਤਿ ਕਲਾਸਾ ਮਿਤੀ ੪ ਜੂਨ ਤੋਂ ੨੩ ਜੂਨ 2018 ਤੱਕ ਹਰ ਰੋਜ ਸਵੇਰੇ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ ਮੁੰਡੀ ਖਰੜ ਸਵੇਰੇ ੭.੩੦ ਤੋਂ ੯.੩੦ ਵਜੇ ਤੱਕ ਲਗਾਈਆਂ ਜਾਣਗੀਆਂ । 24 ਤਰੀਕ ਸਵੇਰੇ ੭ ਵਜੇ ਤੋਂ ੯.੦੦ ਵਜੇ ਤੱਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ ।

## ਜੂਨ ਮਹੀਨੇ ਦੇ ਸਮਾਗਮ –:

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 15-06-2018 ਦਿਨ ਸ਼ੁੱਕਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ " **ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨ੍ਾ ਪਾਸਿ** "॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਈ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 93 | 149 | 242 |
| 2 | Eye | 24 | 41 | 65 |
| 3 | Cardiology | 09 | 62 | 71 |
| 4 | Dental | 26 | 59 | 85 |
| 5 | Gynaecology | 24 | 37 | 61 |
| 6 | Homoeopathy | 42 | 420 | 462 |
| 7 | Physiotherapy | - | - | - |
| | Total | 218 | 768 | 986 |
| | Laboratory | 181 | - | 181 |

## ਧੰਨਵਾਦਿ :

### ਮਈ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Dhanwant Singh #447/Phase-IV/Mohali 1,000/-
2. S. Birinder Singh #6A/Sunny Enclave/M.K. 500/-
3. S. Tarlochan Singh #357/Phase-VI/Mohali 1,200/-
4. S. Rajinder Pal Singh #1031/Sec/Mohali 5,000/-
5. S. Gurdev Singh/ Punjab University Chd 100/-
6. Bibi Jasbir Kaur #2345/Sector-22C/Chd 200/-
7. Bibi Sarbjit Kaur #1632/Sector-34D/Chd 100/-
8. Col. H.S Uppal #306/Sec. 33A/Chd 40,000/-
9. Bibi Surjit Kaur #1444/Sec 34C/Chd 2,000/-
10. S. Narinder Bir Singh #1444/Sec 34C/Chd 2,000/-
11. S. Mohinder Singh Kahlon #304/Ph-IV 3,000/-
12. Dr. Saranjit Singh #2817/Phase-7/Mohali 2,000/-
13. S. Harjinder Singh Sunny Enclave/Kharar 500/-
14. Bibi Tripta Chopra #139/1/Sector-45A/ Chd 500/-
15. Bibi Pritpal Kaur #2269A/Sector-47C/Chd 20,000/-
16. S. Sarbjeet Singh #49A/Comfort Homes 3,000/-
17. S. Dilbagh Singh/ Satkar Properties Mundi Kharar 1,600/-
18. S. Jasbir Singh/Mundi Kharar 50/-
19. S. Narinder Bir Singh /Mundi Kharar 100/-
20. Bibi Surjit Kaur /Mundi Kharar 100/-
21. S. Jagjit Singh/Mundi Kharar 100/-
22. S. Mandeep Singh/Mundi Kharar 100/-
23. Bibi Rajleen Kaur #836/Phase II/Mohali500/-
24. Bibi. Harleen Kaur Sarna #107G, Shivalik Vihar Naya Goan, Mohali 500/-
25. S. Harsharnpal Singh Bhatia #461/Sec. 44A/Chd 1,000/-
26. Bibi Harpreet Kaur #461/Sec 44A/Chd 1,000/-
27. Bibi Gurdeep Kaur #461/Sec. 44A/Chd 1,000/-
28. Bibi Manjit Kaur Bindra #1655/Sec. 34D 1,000/-
29. S. M.P. Singh C/O Union Bank/Sector-35C 1,100/-
30. Bibi Gurbachan Kaur Cheema #1535/34D 2,000/-
31. S. Manmohan Singh #1047/Sector- 44B 1,000/-
32. Bibi Nripjit Kaur # 39 Sant Fateh Singh Nagar Dugri/Ludhiana 34,000/-
33. Bibi Ishminder Kaur # 3902/Sector-22D 25,000/-
34. Bibi Daljit Kaur Mann #2504/Sector- 47C 30,000/-
35. S. A.S. Oberoi /SHV Energy Pvt. Ltd. Super Gas House II Floor/ SDE Chamber Banjara Hills Hyderabad 1,50,000/-
36. Bibi Daljit Kaur Oberoi #278/Sec. 33A 2,000/-
37. Dr. Paramjit Singh #257/Phase-7/Mohali 500/-
38. Bibi Inderpal Kaur #179-B/Sunny Enclave 1,100/-
39. Bibi Satwant Kaur #287/Phase-3A/Mohali 500/-
40. Sh. Ved Prakash Dhavan #401/Phase-3BI 500/-
41. Bibi Manmohan Kaur #941/Phase-4 20,000/-
42. S. Harbhajan Singh# H.M-74/Phase-3BI 1,100/-
43. S. Amarjit Singh/Chd 200/-
44. Bibi Swaranjit Kaur Sidhu/Mohali 200/-
45. Dr. M.S. Mongia #1734/Phase-7/ Mohali 1,000/-
46. Dr. Jagjit Singh #25/Phase-7/Mohali 8,000/-
47. S. Hari Singh #307/Sector-35A/Chd 11,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।